
Hansti Duniya (Punjabi)
• Vol. 45 • No. 11
• November 2021
₹15/-
ਹੱਸਦੀ ਦੁਨੀਆ

ਸਭ ਤੋਂ ਪਹਿਲਾਂ

## ਆਗਿਆ ਪਾਲਨ

04


# ਹੰਸਤੀ ਦੁਨੀਆ

• Vol.- 45 • ਅੰਕ - 11 • ਨਵੰਬਰ 2021 • Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher Raj Kumari, on behalf of Sant Nirankari Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009

Managing Editor : Sulekh Singh 'Sathi'



*Editor (Honorary)*

Sulekh Singh 'Sathi'

**Email:** editorial@nirankari.org

**Ph.:** 011-47660200

**Fax:** 011-27608215

**Website:** www.nirankari.org
kids.nirankari.org


## Subscription Value

| Country | 1 Year | 3 Years | 5 Years | 11 Years |
|---|---|---|---|---|
| India/Nepal | ₹ 150 | ₹ 400 | ₹ 700 | ₹ 1500 |
| U.K. | £15 | £40 | £70 | £150 |
| Europe | €20 | €55 | €95 | €200 |
| USA | $25 | $70 | $120 | $250 |
| Canada/ Australia | $30 | $85 | $140 | $300 |

**Other Countries**
Equivalent to U.S. Dollars as mentioned above.







## ਸਤੰਭ


ਸਭ ਤੋਂ ਪਹਿਲਾਂ 04
ਵਿਗਿਆਨ ਪ੍ਰਸ਼ਨੋਤਰੀ 10
ਹਾਸਾ-ਖੇਡਾ 16
ਸਾਧਾਰਣ ਗਿਆਨ ਪ੍ਰਸ਼ਨੋਤਰੀ 19
ਕੀ ਤੁਸੀਂ ਜਾਣਦੇ ਹੋ? 27
ਰੰਗ ਭਰੋ ਪ੍ਰਤੀਯੋਗਿਤਾ 38
ਕਦੇ ਨਾ ਭੁੱਲੋ 42
ਬੁੱਧੀ ਦੀ ਪਰਖ 50


## ਚਿੱਤਰਕਥਾਵਾਂ


ਕਿੱਟੀ 20
ਦਾਦਾ ਜੀ 46







# ਹੰਸਤੀ ਦੁਨੀਆ

## ਕਹਾਣੀਆਂ


06. ਚੰਨ ਛੂਹਣ ਦੀ ਜ਼ਿੱਦ
- ਲਲਿਤ ਮੋਹਣ

12. ਅਨੋਖਾ ਸਬਕ
- ਦਰਸ਼ਨ ਸਿੰਘ 'ਆਸ਼ਟ'

24. ਕਾਲਯਵਨ ਦਾ ਅੰਤ
- ਪੀ.ਆਰ.ਸੰਬਲ

28. ਪਰੀ ਅਤੇ ਬੱਦਲਾਂ...
- ਅਮਨਪ੍ਰੀਤ

31. ਕ੍ਰੋਧ
- ਆਨੰਦ ਸਿੰਘ

35. ਸਵਾਰਥੀ ਬਾਂਦਰ
- ਸਾਬਿਰ ਹੁਸੈਨ

41. ਹੋਂਦ ਨੂੰ ਖ਼ਤਰਾ
- ਕ੍ਰਿਸ਼ਨ ਲਾਲ ਸ਼ਰਮਾ

44. ਸੁੰਦਰਤਾ ਦਾ ਘੁਮੰਡ
- ਗੋਵਿੰਦ ਭਾਰਦਵਾਜ


















## ਗੀਤ-ਕਵਿਤਾਵਾਂ


05. ਦੀਵਾਲੀ
- ਅਸ਼ਵਨੀ ਕੁਮਾਰ

11. ਸ਼ਹਿਦ ਦੀ ਮੱਖੀ
- ਪ੍ਰਿਤਪਾਲ ਢਿੱਲੋਂ

26. ਮਾਂ...
- ਜਗਤਾਰ ਚਮਨ

34. ਆਇਆ ਦੀਵਾਲੀ ਦਾ...
- ਅਮਨ ਦਿਲਜਾਨ

43. ਪੜ੍ਹ-ਲਿਖ ਕੇ ਮੈਂ
- ਮਨਦੀਪ ਕੌਰ ਸੰਧੂ


## ਵਿਸ਼ੇਸ਼ ਲੇਖ


08. ਚਾਚਾ ਨਹਿਰੂ
- ਮਨਮੋਹਨ ਬਾਵਾ

09. ਲੀਚੀ
- ਰਾਜਕੁਮਾਰ ਜੈਨ

18. ਬਲੱਡ ਬੈਂਕ
- ਡਾ. ਵਿਨੋਦ ਗੁਪਤਾ

32. ਹਥੌੜਾ ਸਿਰ ਸ਼ਾਰਕ
- ਪਰਸ਼ੂਰਾਮ ਸ਼ੁਕਲ

39. ਖ਼ਰਗੋਸ਼
- ਕੈਲਾਸ਼ ਜੈਨ





# ਆਗਿਆ ਪਾਲਨ

ਚਿੰਕੂ, ਪਿੰਕੂ, ਰੀਤਾ ਅਤੇ ਸੀਤਾ ਕੁਝ ਹੋਰ ਬੱਚਿਆਂ ਨੂੰ ਨਾਲ ਲੈ ਕੇ ਦਾਦਾ ਜੀ ਦੇ ਕੋਲ ਪਹੁੰਚੇ। ਸਾਰੇ ਬੱਚਿਆਂ ਨੂੰ ਇਸ ਤਰ੍ਹਾਂ ਇਕੱਠੇ ਆਉਂਦੇ ਵੇਖ ਦਾਦਾ ਜੀ ਨੇ ਸਵਾਲੀਆ ਅੰਦਾਜ਼ ਵਿਚ ਉਨ੍ਹਾਂ ਵੱਲ ਵੇਖਿਆ। ਚਿੰਕੂ ਨੇ ਥੋੜਾ ਹਿੰਮਤ ਵਿਖਾਉਂਦੇ ਹੋਏ ਬੋਲਣਾ ਸ਼ੁਰੂ ਕੀਤਾ- ਦਾਦਾ ਜੀ, ਅੱਜ ਅਸੀਂ ਸਾਰੇ ਆਪ ਕੋਲੋਂ ਕੁਝ ਸਿਖਿਆ ਹਾਸਿਲ ਕਰਨ ਲਈ ਇਕੱਠੇ ਹੋਏ ਹਾਂ। ਰੀਤਾ ਨੇ ਅੱਗੇ ਕਿਹਾ- ਦਾਦਾ ਜੀ, ਕੁਝ ਦਿਨ ਪਹਿਲਾਂ ਅਸੀਂ ਸਾਰਿਆਂ ਨੇ ਦਸਹਿਰੇ ਦਾ ਤਿਉਹਾਰ ਮਨਾਇਆ ਹੈ ਅਤੇ ਹੁਣ ਦੀਵਾਲੀ ਦਾ ਤਿਉਹਾਰ ਵੀ ਆ ਰਿਹਾ ਹੈ। ਸਾਨੂੰ ਇਸ ਬਾਰੇ ਕੋਈ ਪ੍ਰੇਰਣਾਦਾਇਕ ਘਟਨਾ ਸੁਣਾਓ ਤਾਂਕਿ ਅਸੀਂ ਵੀ ਕੋਈ ਚੰਗੀ ਸਿਖਿਆ ਹਾਸਿਲ ਕਰ ਸਕੀਏ।

ਦਾਦਾ ਜੀ ਦੇ ਚਿਹਰੇ ਤੇ ਮੁਸਕਾਨ ਵੇਖਣ ਵਾਲੀ ਸੀ। ਉਹ ਬਹੁਤ ਹੀ ਪਿਆਰ ਭਰੀ ਨਜ਼ਰ ਨਾਲ ਸਾਰੇ ਬੱਚਿਆਂ ਵਲ ਵੇਖਦੇ ਹੋਏ ਕਹਿਣ ਲੱਗੇ- ਪਿਆਰੇ ਬੱਚਿਓ, ਧਿਆਨ ਨਾਲ ਸੁਣੋ, ਅਯੁੱਧਿਆ ਦੇ ਰਾਜਾ ਦਸ਼ਰਥ ਦੇ ਚਾਰ ਪੁੱਤਰ ਸਨ ਰਾਮ, ਲਛਮਣ, ਸ਼ਤਰੂਘਨ ਅਤੇ ਭਰਤ। ਚਾਰੇ ਰਾਜਮਹਿੱਲ ਵਿਚ ਮਿਲਜੁਲ ਕੇ ਪਿਆਰ ਨਾਲ ਰਹਿ ਰਹੇ ਸਨ। ਰਾਮ ਕਿਉਂਕਿ ਚਾਰਾਂ ਵਿਚੋਂ ਸਭ ਤੋਂ ਵੱਡੇ ਸਨ, ਇਸ ਲਈ ਰਾਜਾ ਦਸ਼ਰਥ ਨੇ ਨਿਰਣਾ ਲਿਆ ਕਿ ਅਯੁੱਧਿਆ ਦਾ ਰਾਜਾ ਉਨ੍ਹਾਂ ਨੂੰ ਘੋਸ਼ਿਤ ਕਰ ਦਿੱਤਾ ਜਾਏ ਅਤੇ ਉਨ੍ਹਾਂ ਦੇ ਰਾਜਤਿਲਕ ਦੀ ਤਿਆਰੀ ਕੀਤੀ ਜਾਵੇ। ਇਸ ਤਰ੍ਹਾਂ ਹੀ ਹੋਇਆ। ਰਾਜਤਿਲਕ ਦੀਆਂ ਤਿਆਰੀਆਂ ਪੂਰੀਆਂ ਕਰ ਦਿੱਤੀਆਂ ਗਈਆਂ। ਅਗਲੀ ਸਵੇਰ ਨੂੰ ਰਾਮ ਜੀ ਦਾ ਰਾਜਤਿਲਕ ਕੀਤਾ ਜਾਣਾ ਸੀ।

ਸਾਰੇ ਬੱਚੇ ਬੜੀ ਸੰਜੀਦਗੀ ਨਾਲ ਦਾਦਾ ਜੀ ਦੀਆਂ ਗੱਲਾਂ ਸੁਣ ਰਹੇ ਸਨ। ਦਾਦਾ ਜੀ ਅੱਗੇ ਬੋਲੇ- ਪਰ ਬੱਚਿਓ ! ਅਚਾਨਕ ਕੁਝ ਅਜਿਹੀ ਘਟਨਾ ਹੋਈ ਜਿਸਨੇ ਸੱਭ ਕੁਝ ਬਦਲ ਦਿੱਤਾ। ਰਾਜਾ ਦਸ਼ਰਥ ਨੇ ਕਿਸੇ ਸਮੇਂ ਆਪਣੀ ਰਾਣੀ ਕੈਕੱਈ ਨੂੰ ਦੋ ਵਰਦਾਨ ਦਿੱਤੇ ਸਨ। ਰਾਣੀ ਕੈਕੱਈ ਨੇ ਰਾਜਾ ਦਸ਼ਰਥ ਨੂੰ ਕਿਹਾ- ਮਹਾਰਾਜ! ਹੁਣ ਇਹ ਬਚਨ ਪੂਰੇ ਕਰਨ ਦਾ ਸਮਾਂ ਆ ਗਿਆ ਹੈ। ਮੈਨੂੰ ਦਿੱਤੇ ਹੋਏ ਉਹ ਬਚਨ ਪੂਰੇ ਕਰੋ। ਰਾਜਾ ਦਸ਼ਰਥ ਨੇ ਕਿਹਾ- ਹਾਂ ਰਾਣੀ, ਮੈਨੂੰ ਯਾਦ ਹੈ ਇਹ। ਮੰਗੋ, ਜੋ ਮੰਗਣਾ ਹੈ। ਰਾਣੀ ਨੇ ਕਿਹਾ ਕਿ ਪਹਿਲਾ ਬਚਨ ਤਾਂ ਇਹ ਹੈ ਕਿ ਰਾਜਤਿਲਕ ਰਾਮ ਦਾ ਨਹੀਂ ਮੇਰੇ ਪੁੱਤਰ ਭਰਤ ਦਾ ਹੋਣਾ ਚਾਹੀਦਾ ਹੈ ਅਤੇ ਦੂਜਾ ਰਾਮ ਨੂੰ 14 ਸਾਲ ਲਈ ਬਨਵਾਸ ਭੇਜ ਦਿੱਤਾ ਜਾਏ। ਰਾਜਾ ਦਸ਼ਰਥ ਇਹ ਸੁਣ ਕੇ ਹੈਰਾਨ ਰਹਿ ਗਿਆ ਪਰ ਬਚਨ ਤਾਂ ਪੂਰੇ ਕਰਨੇ ਹੀ ਸਨ।

ਫੇਰ ਦਾਦਾ ਜੀ ਕੀ ਹੋਇਆ? ਪਿੰਕੂ ਨੇ ਪੁੱਛਿਆ? ਦਾਦਾ ਜੀ ਬੋਲੇ- ਇੰਝ ਹੀ ਹੋਇਆ, ਰਾਮ ਜੀ ਨੂੰ 14 ਸਾਲ ਲਈ ਬਨਵਾਸ ਦਾ ਹੁਕਮ ਸੁਣਾ ਦਿੱਤਾ ਗਿਆ। ਸਭ ਤੋਂ ਵੱਡੀ ਅਤੇ ਪ੍ਰੇਰਣਾਦਾਇਕ ਗੱਲ ਇਹ ਹੈ ਕਿ ਸ਼੍ਰੀ ਰਾਮ ਜੀ ਨੇ ਇਸ ਨੂੰ ਖੁਸ਼ੀ-ਖੁਸ਼ੀ ਸਵੀਕਾਰ ਕੀਤਾ। ਅਸੀਂ ਇਸ ਘਟਨਾ ਤੋਂ ਇਹ ਪ੍ਰੇਰਣਾ ਲੈਣੀ ਹੈ ਕਿ ਕਿਹੋ ਜਿਹੇ ਵੀ ਹਾਲਾਤ ਹੋਣ, ਅਪਣੇ ਮਾਤਾ-ਪਿਤਾ ਅਤੇ ਗੁਰੂਜਨਾਂ ਦੇ ਆਦੇਸ਼ ਦੀ ਪਾਲਨਾ ਕਰਨਾ ਸਾਡਾ ਪਰਮ ਕਰਤੱਵ ਹੈ।

ਸਾਰੇ ਬੱਚੇ ਮਨ ਹੀ ਮਨ ਇਸ ਸਿਖਿਆ ਨੂੰ ਜੀਵਨ ਵਿਚ ਅਪਨਾਉਣ ਦਾ ਪ੍ਰਣ ਲੈਂਦੇ ਹੋਏ ਸ਼੍ਰੀ ਰਾਮ ਜੀ ਪ੍ਰਤੀ ਸ਼ਰਧਾ ਦਾ ਭਾਵ ਲਈ ਅਪਣੇ-ਅਪਣੇ ਘਰਾਂ ਨੂੰ ਪਰਤ ਗਏ।

✍ ਸੁਲੇਖ 'ਸਾਥੀ'
sulekh.sathi@nirankari.org


ਅਸ਼ਵਨੀ ਕੁਮਾਰ

# ਦੀਵਾਲੀ

*ਬੱਚਿਓ ਖੁਸ਼ੀਆਂ ਖੂਬ ਮਨਾਓ,*
*ਰੰਗ-ਬਿਰੰਗੇ ਦੀਪ ਜਲਾਓ।*
*ਦੇਣ ਫਿਰ ਖੁਸ਼ਹਾਲੀ ਆਈ,*
*ਪਿਆਰੀ ਦੀਵਾਲੀ ਹੈ ਆਈ।।*

*ਘਰ-ਘਰ ਦੀਪ ਜਲਾਣਾ ਹੈ,*
*ਖੂਬ ਮਿਠਾਈ ਖਾਣਾ ਹੈ।*
*ਪਟਾਖੇ ਨਹੀਂ ਚਲਾਣਾ ਹੈ,*
*ਪ੍ਰਕ੍ਰਿਤੀ ਨੂੰ ਬਚਾਣਾ ਹੈ।*

*ਨ ਕਰਨਾ ਬੱਚਿਓ ਮਨਮਾਨੀ,*
*ਪਟਾਖਿਆਂ ਨਾਲ ਨਹੀਂ ਛੇੜਖਾਨੀ।*
*ਸਾਰਿਆਂ ਦੇ ਚੇਹਰਿਆਂ ਤੇ ਹੈ ਲਾਲੀ,*
*'ਅਸ਼ਵਨੀ' ਸਾਰਿਆਂ ਨੂੰ ਸ਼ੁਭ ਦੀਵਾਲੀ।*





ਕਹਾਣੀ : ਲਲਿਤ ਮੋਹਨ

# ਚੰਨ ਛੂਹਣ ਦੀ ਜ਼ਿੱਦ

ਇਕ ਬਹੁਤ ਵੱਡਾ ਤਾਲਾਬ ਸੀ। ਉਸ ਵਿੱਚ ਬਹੁਤ ਸਾਰੀਆਂ ਮੱਛੀਆਂ, ਕੇਕੜੇ ਅਤੇ ਡੱਡੂ ਰਹਿੰਦੇ ਸਨ। ਤਾਲਾਬ ਵਿੱਚ ਰਹਿਣ ਵਾਲੀਆਂ ਦੋ ਮੱਛੀਆਂ ਦੀ ਦੋਸਤੀ ਬੜੀ ਪ੍ਰਸਿੱਧ ਸੀ। ਉਹਨਾਂ ਦਾ ਨਾਮ ਮੀਨੂ ਅਤੇ ਬੀਨੂ ਸੀ। ਦੋਵੇਂ ਚੰਚਲ ਸੁਭਾਅ ਦੀਆਂ ਸਨ। ਦਿਨ ਭਰ ਤਾਲਾਬ ਵਿੱਚ ਖੇਡਦੀਆਂ-ਉਛਲਦੀਆਂ ਰਹਿੰਦੀਆਂ ਸਨ। ਤਾਲਾਬ ਵਿੱਚ ਸਾਰੇ ਉਹਨਾਂ ਦੋਨਾਂ ਨਾਲ ਬਹੁਤ ਪਿਆਰ ਕਰਦੇ ਸਨ।

ਇਕ ਰਾਤ ਚੰਨ ਠੀਕ ਤਾਲਾਬ ਦੇ ਉਪਰ ਚਮਕ ਰਿਹਾ ਸੀ। ਇੰਝ ਲੱਗ ਰਿਹਾ ਸੀ ਕਿ ਜਿਵੇਂ ਉਛਲ ਕੇ ਚੰਨ ਨੂੰ ਛੂਹਿਆ ਜਾ ਸਕਦਾ ਹੋਵੇ। ਮੀਨੂ ਅਤੇ ਬੀਨੂ ਦੀ ਨਜ਼ਰ ਚੰਨ ਤੇ ਪਈ। ਦੋਵੇਂ ਚੰਨ ਨੂੰ ਵੇਖਦੀਆਂ ਹੀ ਰਹਿ ਗਈਆਂ। ਚੰਨ ਦਾ ਐਨਾ ਸੁੰਦਰ ਰੂਪ ਦੋਵਾਂ ਨੇ ਇਸ ਤੋਂ ਪਹਿਲਾਂ ਕਦੇ ਨਹੀਂ ਵੇਖਿਆ ਸੀ।

''ਚਲੋ ਚਲ ਕੇ ਚੰਨ ਨੂੰ ਛੂੰਹਦੇ ਹਾਂ। ਛੂਹ ਕੇ ਵੇਖੀਏ ਕਿਹੋ ਜਿਹਾ ਲੱਗਦਾ ਹੈ?'' ਮੀਨੂ ਨੇ ਬੀਨੂ ਨੂੰ ਕਿਹਾ।

''ਇੰਝ ਨਹੀਂ। ਅਸੀਂ ਇਕ ਖੇਡ ਖੇਡਦੇ ਹਾਂ। ਦੋਵੇਂ ਇਕੱਠੀਆਂ ਉਛਲਾਂਗੀਆਂ। ਜੋ ਪਹਿਲਾਂ ਚੰਨ੍ਹ ਛੂਹ ਲਏਗਾ ਉਹ ਜੇਤੂ ਹੋਏਗਾ।'' ਬੀਨੂ ਨੇ ਕਿਹਾ।

''ਇਹ ਚੰਗਾ ਆਈਡੀਆ ਹੈ। ਉਂਝ ਜਿੱਤਾਂਗੀ ਤਾਂ ਮੈਂ ਹੀ। ਮੈਂ ਉਚੱਾ ਉਛਲ ਸਕਦੀ ਹਾਂ।'' ਮੀਨੂ ਬੋਲੀ।

''ਚੰਗਾ, ਇਹ ਤਾਂ ਵਕਤ ਹੀ ਦੱਸੇਗਾ। ਕੌਣ ਉਚੱਾ ਅਤੇ ਦੂਰ ਤਕ ਉਛਲ ਸਕਦਾ ਹੈ। ਕੀ ਤੂੰ ਚੰਨ ਨੂੰ ਛੂਹਣ ਨੂੰ ਤਿਆਰ ਹੈ।'' ਬੀਨੂ ਨੇ ਪੁੱਛਦੇ ਹੋਏ ਕਿਹਾ।

''ਹਾਂ, ਮੈਂ ਤਿਆਰ ਹਾਂ।'' ਮੀਨੂ ਨੇ ਕਿਹਾ।

ਦੋਵੇਂ ਹੀ ਉਛਲ ਕੇ ਚੰਨ ਨੂੰ ਛੂਹਣ ਦੀ ਕੋਸ਼ਿਸ਼ ਕਰਨ ਲੱਗੀਆਂ। ਉਛਲਦੇ-ਉਛਲਦੇ ਉਹਨਾਂ ਨੂੰ ਬਹੁਤ ਸਮਾਂ ਬੀਤ ਚੁੱਕਾ ਸੀ। ਦੋਵਾਂ ਦੇ ਸਾਹ ਫੁੱਲਣ ਲੱਗੇ ਸਨ। ਹੁਣ

ਉਹਨਾਂ ਦੇ ਅੰਦਰ ਹੋਰ ਜ਼ਿਆਦਾ ਉਛਲਣ ਦੀ ਤਾਕਤ ਨਹੀਂ ਬਚੀ ਸੀ। ਐਨਾ ਯਤਨ ਕਰਨ ਦੇ ਬਾਦ ਵੀ ਦੋਵੇਂ ਚੰਨ ਨੂੰ ਨਹੀਂ ਛੂਹ ਸਕੀਆਂ।

ਮੀਨੂ ਅਤੇ ਬੀਨੂ ਦੋਵੇਂ ਥੱਕ ਕੇ ਨਿਢਾਲ ਹੋ ਗਈਆਂ ਸਨ। ਮੀਕੂ ਡੱਡੂ ਦੀ ਨਜ਼ਰ ਉਹਨਾਂ ਤੇ ਪਈ। ਦੋਵਾਂ ਦੀ ਅਜਿਹੀ ਹਾਲਤ ਨੂੰ ਵੇਖ ਕੇ ਉਹ ਚਿੰਤਾ ਵਿੱਚ ਪੈ ਗਿਆ।

''ਕੀ ਗੱਲ ਹੋ ਗਈ। ਤੁਸੀਂ ਦੋਵੇਂ ਐਨੀਆਂ ਥੱਕੀਆਂ ਹੋਈਆਂ ਕਿਉਂ ਲੱਗ ਰਹੀਆਂ ਹੋ? ਕੀ ਕਿਸੇ ਸ਼ਿਕਾਰੀ ਨੇ ਪਿਛਾ ਕੀਤਾ?'' ਮੀਕੂ ਨੇ ਪੁੱਛਦੇ ਹੋਏ ਕਿਹਾ।

''ਨਹੀਂ, ਨਹੀਂ। ਅਜਿਹਾ ਕੁਝ ਨਹੀਂ ਹੈ। ਇਹ ਤਾਂ ਬਸ ਇਕ ਮੁਕਾਬਲੇ ਦੇ ਕਾਰਣ ਹੋਇਆ ਹੈ।'' ਮੀਨੂ ਅਤੇ ਬੀਨੂ ਨੇ ਇੱਕਠਿਆਂ ਕਿਹਾ।

''ਕਿਹੜਾ ਮੁਕਾਬਲਾ?'' ਮੀਕੂ ਡੱਡੂ ਨੇ ਪੁੱਛਦੇ ਹੋਏ ਕਿਹਾ।

''ਅਸੀਂ ਦੋਵੇਂ ਚੰਨ ਨੂੰ ਛੂਹਣ ਦਾ ਮੁਕਾਬਲਾ ਕਰ ਰਹੀਆਂ ਸੀ। ਜੋ ਪਹਿਲਾਂ ਛੂਹ ਲੈਂਦਾ ਉਹੀ ਜੇਤੂ ਬਣਦਾ। ਲੇਕਿਨ ਦੋਵਾਂ ਵਿਚੋਂ ਕੋਈ ਚੰਨ ਨੂੰ ਨਾ ਛੂਹ ਸਕਿਆ। ਅਸੀਂ ਜਿੰਨਾ ਉਚਾ ਉਛਲਦੀਆਂ ਚੰਨ ਓਨਾ ਹੀ ਦੂਰ ਹੋ ਜਾਂਦਾ।'' ਮੀਨੂ ਨੇ ਕਿਹਾ।

'ਹਾ ......ਹਾ....ਹਾ...।' ਮੀਕੂ ਜ਼ੋਰ-ਜ਼ੋਰ ਨਾਲ ਹੱਸਣ ਲੱਗਾ।

''ਤੂੰ ਹੱਸ ਕਿਉਂ ਰਿਹਾ ਹੈ?' ਬੀਨੂ ਨੇ ਪੁੱਛਿਆ।

''ਮੈਂ ਤੁਹਾਡੇ ਦੋਵਾਂ ਦੀ ਮੂਰਖਤਾ ਤੇ ਹੱਸ ਰਿਹਾ ਹਾਂ।'' ਮੀਕੂ ਬੋਲਿਆ।

''ਮੂਰਖਤਾ। ਕਿਹੋ ਜਿਹੀ ਮੂਰਖਤਾ?''ਮੀਨੂ ਨੇ ਗੁੱਸੇ ਵਿੱਚ ਕਿਹਾ।

ਗੁੱਸਾ ਕਿਉਂ ਕਰ ਰਹੀਆਂ ਹੋ? ਚੰਨ ਨੂੰ ਛੂਹਣ ਦੀ ਕੋਸ਼ਿਸ਼ ਮੂਰਖਤਾ ਹੀ ਤਾਂ ਹੈ। ਭਲਾ ਕੋਈ ਇੰਝ ਉਛਲ ਕੇ ਚੰਨ ਨੂੰ ਛੂਹ ਸਕਦਾ ਹੈ। ਚੰਨ ਤਾਲਾਬ ਤੋਂ ਹਜ਼ਾਰਾਂ ਕਿਲੋਮੀਟਰ ਦੀ ਦੂਰੀ ਤੇ ਹੈ। ਤੁਹਾਡੇ ਦੋਵਾਂ ਦੀ ਮੂਰਖਤਾ ਤੋਂ ਮੈਨੂੰ 'ਚੂਹੇ ਅਤੇ ਪਹਾੜ' ਦੀ ਕਹਾਣੀ ਯਾਦ ਆ ਰਹੀ ਹੈ।'' ਮੀਕੂ ਨੇ ਕਿਹਾ।

ਮੀਕੂ ਦੀਆਂ ਗੱਲਾਂ ਨਾਲ ਮੀਨੂ ਅਤੇ ਬੀਨੂ ਨੂੰ ਅਹਿਸਾਸ ਹੋ ਗਿਆ ਸੀ ਕਿ ਉਹ ਦੋਵੇਂ ਮੂਰਖਤਾ ਕਰ ਰਹੀਆਂ ਸਨ ਲੇਕਿਨ ਉਹ ਚੂਹੇ ਅਤੇ ਪਹਾੜ ਦੀ ਕਹਾਣੀ ਜਾਣਨਾ ਚਾਹੁੰਦੀਆਂ ਸਨ।

''ਚੂਹੇ ਅਤੇ ਪਹਾੜ ਦੀ ਕਹਾਣੀ ਸਾਨੂੰ ਵੀ ਤਾਂ ਦੱਸ।'' ਮੀਨੂ ਅਤੇ ਬੀਨੂ ਇੱਕਠੀਆਂ ਬੋਲ ਪਈਆਂ।

''ਕਹਾਣੀ ਸੁਣਨੀ ਹੈ। ਚਲੋ ਸੁਣਾਉਂਦਾ ਹਾਂ। ਇਕ ਵਾਰ ਦੀ ਗੱਲ ਹੈ। ਇਕ ਘਮੰਡੀ ਚੂਹਾ ਸੀ। ਉਹਨੂੰ ਆਪਣੇ ਦੰਦਾਂ ਤੇ ਬੜਾ ਘਮੰਡ ਸੀ। ਉਸ ਦੇ ਦੰਦ ਬੜੇ ਸ਼ਕਤੀਸ਼ਾਲੀ ਸਨ। ਉਹ ਕੋਈ ਵੀ ਚੀਜ਼ ਪਲ ਭਰ ਵਿੱਚ ਕੁਤਰ ਲੈਂਦਾ। ਇਕ ਵਾਰ ਉਹ ਕਿਤੇ ਜਾ ਰਿਹਾ



ਸੀ। ਅਚਾਨਕ ਉਹ ਇਕ ਪਹਾੜ ਨਾਲ ਟਕਰਾ ਗਿਆ। ਉਸ ਨੇ ਪਹਾੜ ਨੂੰ ਚੁਨੌਤੀ ਦਿੰਦੇ ਹੋਏ ਕਿਹਾ – ਪਹਾੜ ਸਾਹਮਣੇ ਤੋਂ ਹੱਟ ਜਾ ਨਹੀਂ ਤਾਂ ਮੈਂ ਹੁਣੇ ਤੈਨੂੰ ਕੁਤਰ ਕੇ ਮਿੱਟੀ ਵਿੱਚ ਮਿਲਾ ਦੇਵਾਂਗਾ। ਚੂਹੇ ਦੀ ਗੱਲ ਸੁਣ ਕੇ ਪਹਾੜ ਜ਼ੋਰ ਨਾਲ ਹੱਸਣ ਲੱਗਾ। ਤੂੰ ਮੈਨੂੰ ਕੁਤਰਨ ਦੀ ਗੱਲ ਕਰ ਰਿਹਾ ਹੈ। ਐਨਾ ਘਮੰਡ ਚੰਗਾ ਨਹੀਂ ਚੂਹੇ ਭਾਈ, ਪਹਾੜ ਨੇ ਕਿਹਾ। ਚੰਗਾ ਹੁਣੇ ਦੱਸਦਾ ਹਾਂ ਤੈਨੂੰ, ਚੂਹਾ ਬੋਲਿਆ। ਚੂਹਾ ਪਹਾੜ ਨੂੰ ਕੁਤਰਨ ਲੱਗਾ ਲੇਕਿਨ ਉਹ ਅਸਫਲ ਰਿਹਾ। ਕਠੋਰ ਪਹਾੜ ਨੂੰ ਕੁਤਰਦੇ ਹੋਏ ਉਸ ਦੇ ਦੰਦ ਟੁਟ ਗਏ। ਉਹ ਲਹੂਲੁਹਾਨ ਹੋ ਗਿਆ। ਉਸ ਨੇ ਪਹਾੜ ਤੋਂ ਮਾਫ਼ੀ ਮੰਗ ਲਈ। ਉਸ ਨੂੰ ਆਪਣੀ ਮੂਰਖਤਾ ਦਾ ਅਹਿਸਾਸ ਹੋ ਗਿਆ ਸੀ।'' ਮੀਕੂ ਨੇ ਕਹਾਣੀ ਸੁਣਾਉਂਦੇ ਹੋਏ ਕਿਹਾ।


''ਚੂਹਾ ਤਾਂ ਵੱਡਾ ਮੂਰਖ ਸੀ।'' ਮੀਨੂ ਬੋਲੀ।

''ਹਾਂ, ਤੁਸੀਂ ਦੋਵੇਂ ਵੀ ਬੜੀ ਮੂਰਖਤਾ ਕਰ ਰਹੀਆਂ ਸੀ। ਜੋ ਕੰਮ ਸੰਭਵ ਨਹੀਂ ਹੈ ਉਸ ਤੇ ਮਿਹਨਤ ਕਰਨਾ ਮੂਰਖਤਾ ਹੈ। ਅਜਿਹੇ ਕੰਮ ਨੂੰ ਕਰਦੇ ਹੋਏ ਅਸੀਂ ਵਿਅਰਥ ਵਿੱਚ ਆਪਣੀ ਊਰਜਾ ਨਸ਼ਟ ਕਰਦੇ ਹਾਂ। ਨਤੀਜੇ ਵਜੋਂ ਕੁਝ ਵੀ ਪ੍ਰਾਪਤ ਨਹੀਂ ਹੁੰਦਾ।'' ਮੀਕੂ ਨੇ ਸਮਝਾਉਂਦੇ ਹੋਏ ਕਿਹਾ।

ਪਿਆਰੇ ਬੱਚਿਉ! ਮੀਨੂੰ ਅਤੇ ਬੀਨੂ ਨੂੰ ਸਬਕ ਮਿਲ ਚੁੱਕਾ ਸੀ। ਦੋਵਾਂ ਨੇ ਮੀਕੂ ਦਾ ਧੰਨਵਾਦ ਕੀਤਾ। ਦੋਵੇਂ ਤਾਲਾਬ ਵਿੱਚ ਅਠਖੇਲੀਆਂ ਕਰਦੀਆਂ ਹੋਈਆਂ ਤੈਰਨ ਲੱਗੀਆਂ।

❑ ਮਨਮੋਹਨ ਬਾਵਾ


# ਹਰ ਬੱਚੇ ਦੇ 'ਚਾਚਾ ਨਹਿਰੂ'



ਪੰਡਿਤ ਜਵਾਹਰ ਲਾਲ ਨਹਿਰੂ ਸਾਡੇ ਦੇਸ਼ ਦੇ ਪਹਿਲੇ ਪ੍ਰਧਾਨਮੰਤਰੀ ਸਨ। ਉਹ ਇਕ ਮਹਾਨ ਕਵੀ ਵੀ ਸਨ। ਛੋਟੇ-ਛੋਟੇ ਬੱਚਿਆਂ ਨੂੰ ਤਾਂ ਉਹ ਇਨ੍ਹਾਂ ਪਿਆਰ ਕਰਦੇ ਸਨ ਕਿ ਆਪਣਾ ਜਨਮਦਿਨ ਹੀ ਬੱਚਿਆਂ ਦੇ ਨਾਮ ਕਰ ਦਿੱਤਾ। ਇਸ ਦਾ ਮਤਲਬ ਹੈ ਕਿ ਮੈਨੂੰ ਯਾਦ ਕਰੋ ਭਾਵੇਂ ਨਾ ਕਰੋ ਪਰ ਮੇਰੇ ਦੇਸ਼ ਦੇ ਬੱਚਿਆਂ ਨੂੰ ਹਮੇਸ਼ਾ ਪਿਆਰ ਕਰਦੇ ਰਹੋ। ਇਸ ਲਈ ਉਹਨਾਂ ਦਾ ਜਨਮਦਿਨ 14 ਨਵੰਬਰ ਨੂੰ ਬਾਲ ਦਿਵਸ ਦੇ ਰੂਪ ਵਿਚ ਹਰ ਸਾਲ ਮਨਾਇਆ ਜਾਂਦਾ ਹੈ। ਬੱਚੇ ਵੀ ਪਿਆਰ ਨਾਲ ਉਹਨਾਂ ਨੂੰ ਚਾਚਾ ਨਹਿਰੂ ਹੀ ਕਹਿੰਦੇ ਹਨ। ਚਾਚਾ ਨਹਿਰੂ ਜੀ ਵੀ ਬੱਚਿਆਂ ਬਾਰੇ ਕਹਿੰਦੇ ਸਨ : ''ਬੱਚੇ ਇਕ ਬਗੀਚੇ ਦੀ ਕਲੀ ਵਾਂਗ ਹੁੰਦੇ ਹਨ। ਇਹ ਅੱਜ ਦੇ ਬੱਚੇ ਹੀ ਕੱਲ ਨੂੰ ਮੇਰੇ ਭਾਰਤ ਦੇਸ਼ ਦਾ ਸਰਵਪੱਖੀ ਵਿਕਾਸ ਕਰਦੇ ਹੋਏ ਤਰੱਕੀ ਕਰਦੇ ਜਾਣਗੇ।''

14 ਨਵੰਬਰ ਬੱਚਿਆਂ ਦੀ ਦੇਖਭਾਲ ਅਤੇ ਸਿੱਖਿਆ ਦੇਣ ਲਈ ਸਾਡੇ ਭਾਰਤ ਦੇਸ਼ ਦੇ ਲੋਕਾਂ ਅੰਦਰ ਜਾਗ੍ਰਤੀ ਪੈਦਾ ਕਰਦਾ ਹੈ। ਇਹ ਛੋਟੇ-ਛੋਟੇ ਬੱਚੇ ਹੀ ਦੇਸ਼ ਦੇ ਵਿਕਾਸ ਦੀ ਕੁੰਜੀ ਹਨ। ਇਹ ਕੁੰਜੀ ਪਰਮਾਤਮਾ ਦੁਆਰਾ ਮਾਤਾ-ਪਿਤਾ ਨੂੰ ਦਿੱਤਾ ਗਿਆ ਇਕ ਅਨਮੋਲ ਤੋਹਫਾ ਹੈ। ਇਸ ਸੰਸਾਰ ਰੂਪੀ ਬਗੀਚੇ ਵਿਚ ਬੱਚੇ ਰੂਪੀ ਕਲੀਆਂ ਦੀ ਦੇਖਭਾਲ ਇਹਨਾਂ ਦਾ ਪਾਲਣ ਪੋਸ਼ਣ ਕਰਨਾ ਅਤੇ ਇਹਨਾਂ ਨੂੰ ਸਹੀ ਦਿਸ਼ਾ ਦੇਣਾ ਬਹੁਤ ਜ਼ਰੂਰੀ ਹੈ। ਅੰਗਰੇਜ਼ਾਂ ਦੀ ਗੁਲਾਮੀ ਤੋਂ ਛੁਟਕਾਰਾ ਪਾ ਕੇ 15 ਅਗਸਤ 1947 ਨੂੰ ਭਾਰਤ ਆਜ਼ਾਦ ਹੋਇਆ ਤਾਂ ਸਾਡੇ ਦੇਸ਼ ਦੇ ਬਜ਼ੁਰਗਾਂ ਨੇ ਆਜ਼ਾਦ ਹਿੰਦੁਸਤਾਨ ਦੇ ਸਰਵਪੱਖੀ ਵਿਕਾਸ ਦੇ ਸੁਪਨੇ ਵੇਖੇ ਸਨ ਜੋ ਕਿ ਬੱਚਿਆਂ ਦੁਆਰਾ ਹੀ ਸਾਕਾਰ ਹੋ ਸਕਦੇ ਹਨ।

ਅੱਜ ਸਿਰਫ ਭਾਰਤ ਨੂੰ ਹੀ ਨਹੀ ਸਗੋਂ ਪੂਰੇ ਵਿਸ਼ਵ ਨੂੰ ਪ੍ਰੇਮ ਅਤੇ ਭਾਈਚਾਰੇ ਦੀ ਜ਼ਰੂਰਤ ਹੈ। ਇਸ ਲਈ ਹਰ ਮਨੁੱਖ ਦੀ ਜ਼ਿੰਮੇਵਾਰੀ ਹੈ ਕਿ ਬੱਚਿਆਂ ਨੂੰ ਬੜੇ ਪ੍ਰੇਮ-ਪੂਰਵਕ ਨੈਤਿਕ ਅਤੇ ਮੌਲਿਕ ਸਿਖਿਆ ਦੇਵੇ। ਇਸ ਲਈ 14 ਨਵੰਬਰ ਨੂੰ ਸਕੂਲਾਂ ਅਤੇ ਕਾਲਿਜਾਂ ਵਿਚ ਸਭਿਆਚਾਰਕ ਪ੍ਰੋਗਰਾਮ ਵੀ ਕੀਤੇ ਜਾਂਦੇ ਹਨ। ਇਸ ਦਿਨ ਬੱਚਿਆਂ ਨੂੰ ਉਹਨਾਂ ਦੇ ਮਨਪਸੰਦ ਤੋਹਫੇ ਵੀ ਦੇਣੇ ਚਾਹੀਦੇ ਹਨ ਪਰੰਤੂ ਸਭ ਤੋਂ ਅਨਮੋਲ ਤੋਹਫਾ ਬੱਚਿਆਂ ਲਈ ਸਿੱਖਿਆ ਹੈ।



ਲੇਖ : ਰਾਜਕੁਮਾਰ ਜੈਨ

# ਮਨ ਨੂੰ ਲੁਭਾਉਂਦੀ ਹੈ ਲੀਚੀ

ਲੀਚੀ ਸਭ ਤੋਂ ਮਨਮੋਹਕ ਅਤੇ ਖੂਬਸੂਰਤ ਫਲ ਹੈ। ਸੂਰਤ ਅਤੇ ਸੀਰਤ (ਗੁਣ) ਦੋਨਾਂ ਵਿੱਚ ਲੀਚੀ ਲਾਜਵਾਬ ਹੈ ਅਤੇ ਜਦ ਸਵਾਦ ਦੀ ਗੱਲ ਆਉਂਦੀ ਹੈ ਤਾਂ ਲੀਚੀਆਂ ਮੂੰਹ ਵਿੱਚ ਰਸਗੁੱਲੇ- ਜਿਹੀ ਮਿਠਾਸ ਘੋਲਣ ਲੱਗਦੀਆਂ ਹਨ।

ਲੀਚੀ ਮੂਲ ਰੂਪ ਵਿੱਚ ਇਕ ਚੀਨੀ ਫਲ ਹੈ। ਚੀਨ ਦੇ 'ਲੋਚੂ' ਨਾਮਕ ਦੀਪ ਵਿੱਚ ਇਸ ਦਾ ਬਹੁਤ ਜ਼ਿਆਦਾ ਉਤਪਾਦਨ ਹੁੰਦਾ ਹੈ ਇਥੋਂ ਹੀ ਇਹ ਹੌਲੀ-ਹੌਲੀ ਸਾਰੀ ਦੁਨੀਆ ਵਿੱਚ ਫੈਲੀ। ਲੀਚੀ ਇਕ ਮਾਤਰ ਅਜਿਹਾ ਫਲ ਹੈ ਜਿਸ ਨੂੰ ਹਿੰਦੀ ਅਤੇ ਅੰਗ੍ਰੇਜ਼ੀ ਦੋਨਾਂ ਭਾਸ਼ਾਵਾਂ ਵਿੱਚ ਇਕ ਹੀ ਨਾਮ 'ਲੀਚੀ' ਨਾਲ ਪੁਕਾਰਿਆ ਜਾਂਦਾ ਹੈ। ਇਸ ਦਾ ਵਿਗਿਆਨਕ ਨਾਂ 'ਲਾਸਚੀ' ਹੈ ਅਤੇ ਬਨਸਪਤੀ-ਜਗਤ ਵਿੱਚ ਲੀਚੀ ਦੇ ਪੌਦੇ ਨੂੰ 'ਸੇਪਿਣਡੇਸੀ' ਸਮੂਹ ਦਾ ਮੰਨਿਆ ਜਾਂਦਾ ਹੈ।

ਰਸਾਇਣਕ ਦ੍ਰਿਸ਼ਟੀ ਨਾਲ ਲੀਚੀ ਇਕ ਪੌਸ਼ਕ ਰਸ ਨਾਲ ਭਰਪੂਰ ਹੈ। ਇਸ ਵਿੱਚ ਲਗਭਗ ਸੱਠ ਪ੍ਰਤੀਸ਼ਤ ਤਕ ਤਰਲ ਰਸ ਹੁੰਦਾ ਹੈ, ਗਿਆਰਾਂ ਪ੍ਰਤੀਸ਼ਤ ਬੀਜ਼, ਅੱਠ ਪ੍ਰਤੀਸ਼ਤ ਰੇਸ਼ਾ ਅਤੇ ਤੇਰ੍ਹਾਂ ਪ੍ਰਤੀਸ਼ਤ ਛਿਲਕਾ ਹੁੰਦਾ ਹੈ। ਲੀਚੀ ਵਿੱਚ ਵਿਟਾਮਿਨ-ਸੀ ਬਹੁਤ ਮਾਤਰਾ ਵਿੱਚ ਹੁੰਦਾ ਹੈ। ਇਸ ਦੇ ਇਲਾਵਾ ਇਸ ਵਿੱਚ ਕੁਦਰਤੀ ਸ਼ਰਕਰਾ, ਜੈਵਿਕ, ਪ੍ਰੋਟੀਨ ਆਦਿ ਪੌਸ਼ਕ ਤੱਤ ਵੀ ਹੁੰਦੇ ਹਨ।

ਲੀਚੀ ਦੀ ਤਸੀਰ ਠੰਡੀ ਅਤੇ ਬਲਵਰਧਕ ਹੁੰਦੀ ਹੈ। ਬੁਖਾਰ ਵਿੱਚ ਪਿਆਸ ਸ਼ਾਂਤ ਕਰਨ ਲਈ ਲੀਚੀ ਦੇ ਰਸ ਦਾ ਉਪਯੋਗ ਕੀਤਾ ਜਾਂਦਾ ਹੈ। ਲੀਚੀ ਹਿਰਦੇ, ਦਿਮਾਗ ਅਤੇ ਜਿਗਰ ਲਈ ਸ਼ਕਤੀਦਾਇਕ ਫਲ ਹੈ।ਪੇਟ ਅਤੇ ਆਂਤੜੀਆਂ ਦੇ ਸੰਬੰਧੀ ਰੋਗਾਂ ਵਿੱਚ ਲੀਚੀ ਦੇ ਬੀਜ਼ਾਂ ਦਾ ਦਵਾਈ ਦੇ ਰੂਪ ਵਿੱਚ ਇਸਤੇਮਾਲ ਹੁੰਦਾ ਹੈ।

ਲੀਚੀ ਦੇ ਰੁੱਖ ਦੀ ਲੰਬਾਈ 15 ਤੋਂ 40 ਫੁੱਟ ਦੇ ਵਿੱਚ ਹੁੰਦੀ ਹੈ। ਪੂਰੇ ਸਾਲ ਇਸ ਰੁੱਖ ਤੇ ਗੂੜੇ ਹਰੇ ਰੰਗ ਦੀਆਂ ਲਗਭਗ 6 ਇੰਚ ਪੱਤੀਆਂ ਲੱਗੀਆਂ ਰਹਿੰਦੀਆਂ ਹਨ ਜੋ ਘਣੀ ਅਤੇ ਚਮਕਦਾਰ ਹੁੰਦੀਆਂ ਹਨ। ਇਸ ਵਿੱਚ ਫੁੱਲ ਗੁੱਛਿਆਂ ਦੇ ਰੂਪ ਵਿੱਚ ਲੱਗਦੇ ਹਨ। ਇਕ ਗੁੱਛੇ ਵਿੱਚ ਦੋ ਤੋਂ ਲੈ ਕੇ ਵੀਹ ਤਕ ਫਲ ਹੁੰਦੇ ਹਨ। ਪੱਕ ਜਾਣ ਤੇ ਇਹ ਫਲ ਲੜੀਵਾਰ ਗੁਲਾਬੀ ਅਤੇ ਸੁਰਖ ਲਾਲ ਹੋ ਜਾਂਦੇ ਹਨ। ਫਲ ਦੇ ਉਪਰ ਦਾ ਛਿਲਕਾ ਦਾਣੇਦਾਰ ਅਤੇ ਅੰਦਰ ਤੋਂ ਚਿਕਨਾ ਅਤੇ ਸਫੈਦ ਹੁੰਦਾ ਹੈ। ਛਿਲਕੇ ਦੇ ਹੇਠਾਂ ਦੁਧੀਆ ਰੰਗ ਦਾ ਰਸਦਾਰ ਗੁੱਦਾ ਹੁੰਦਾ ਹੈ ਜੋ ਖਾਣ ਦੇ ਕੰਮ ਆਉਂਦਾ ਹੈ। ਗੁੱਦੇ ਦੇ ਅੰਦਰ ਮੂੰਗਫਲੀ ਦੇ ਆਕਾਰ ਦਾ ਬੀਜ਼ ਨਿਕਲਦਾ ਹੈ।

ਭਾਰਤ ਵਿੱਚ ਲੀਚੀ ਦਾ ਉਤਪਾਦਨ ਮੁਖ ਰੂਪ ਵਿੱਚ ਉਤਰੀ ਬਿਹਾਰ, ਉਤਰ ਪ੍ਰਦੇਸ਼, ਬੰਗਾਲ ਦੇ ਹੁਗਲੀ ਖੇਤਰ ਵਿੱਚ ਹੁੰਦਾ ਹੈ। ਇਸ ਦੇ ਇਲਾਵਾ ਪੰਜਾਬ, ਤ੍ਰਿਪੁਰਾ, ਕਰਨਾਟਕ, ਮੱਧਪ੍ਰਦੇਸ਼ ਦੇ ਕੁਝ ਹਿੱਸਿਆਂ ਵਿੱਚ ਵੀ ਲੀਚੀ ਦੇ ਬਗੀਚੇ ਲਗਾਏ ਜਾਂਦੇ ਹਨ।

ਉਂਝ ਤਾਂ ਦੇਸ਼ ਵਿੱਚ ਲੀਚੀ ਦੀਆਂ ਪੰਜਾਹ ਕਿਸਮਾਂ ਪ੍ਰਚਲਿਤ ਹਨ ਪਰ ਮੁੱਖ ਰੂਪ ਨਾਲ : ਨਫੇਲੀਅਨ, ਚੀਨੀ ਲੀਚੀ, ਕਲਕੱਤਿਆ ਲੀਚੀ, ਬੇਦਾਨਾ ਲੀਚੀ ਅਤੇ ਦੇਸ਼ੀ ਲੀਚੀ ਵਰਨਣਯੋਗ ਹੈ। ਇਹਨਾਂ ਵਿੱਚ ਬੇਦਾਨਾ ਲੀਚੀ ਸਰਵੋਤਮ ਮੰਨੀ ਜਾਂਦੀ ਹੈ। ਇਹ ਸੁਰਖ ਲਾਲ ਰੰਗ ਦੀ ਪਤਲੇ ਛਿਲਕੇ ਵਾਲੀ ਹੁੰਦੀ ਹੈ ਅਤੇ ਇਸ ਦੇ ਬੀਜ਼ ਦਾ ਆਕਾਰ ਬਹੁਤ ਛੋਟਾ ਹੁੰਦਾ ਹੈ।

# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ : ਆਕਾਸ਼ ਨੀਲਾ ਕਿਉਂ ਦਿਖਾਈ ਦਿੰਦਾ ਹੈ?**

**ਉੱਤਰ :** ਸੂਰਜ ਦੇ ਪ੍ਰਕਾਸ਼ ਵਿੱਚ ਸੱਤ ਰੰਗ ਮਿਲਦੇ ਹਨ। ਜਦ ਸੱਤ ਰੰਗਾਂ ਵਾਲਾ ਇਹ ਪ੍ਰਕਾਸ਼ ਵਾਯੂ ਮੰਡਲ ਦੇ ਕਣਾਂ ਨਾਲ ਟਕਰਾਉਂਦਾ ਹੈ ਤਾਂ ਰੰਗਾਂ ਵਿੱਚ ਤਬਦੀਲੀ ਦੀ ਕਿਰਿਆ ਸ਼ੁਰੂ ਹੋ ਜਾਂਦੀ ਹੈ। ਬੈਂਗਨੀ, ਨੀਲੇ ਜਾਂ ਅਸਮਾਨੀ ਰੰਗ ਦੀ ਤਬਦੀਲੀ ਸਭ ਤੋਂ ਜ਼ਿਆਦਾ ਹੁੰਦਾ ਹੈ ਅਤੇ ਬਾਕੀ ਰੰਗਾਂ (ਹਰਾ, ਪੀਲਾ, ਨਾਰੰਗੀ ਅਤੇ ਲਾਲ) ਦੀ ਤਬਦੀਲੀ ਘੱਟ। ਉਪਰੋਕਤ ਤਿੰਨਾਂ ਰੰਗਾਂ ਦੀ ਤਬਦੀਲੀ ਨਾਲ ਲਗਭਗ ਨੀਲੇ ਰੰਗ ਦੀ ਹੀ ਉਤਪਤੀ ਹੁੰਦੀ ਹੈ ਅਤੇ ਆਕਾਸ਼ ਨੀਲਾ ਦਿਖਾਈ ਦਿੰਦਾ ਹੈ।

**ਪ੍ਰਸ਼ਨ : ਇੰਦਰਧਨੁਸ਼ ਵਰਖਾ ਦੇ ਬਾਦ ਹੀ ਕਿਉਂ ਦਿਖਾਈ ਦਿੰਦਾ ਹੈ?**

**ਉੱਤਰ :** ਕੱਚ ਦੇ ਤਿਕੋਨੇ ਟੁਕੜੇ ਨੂੰ ਪ੍ਰਿਜਮ ਕਹਿੰਦੇ ਹਨ। ਜਦ ਸੂਰਜ ਦਾ ਪ੍ਰਕਾਸ਼ ਪ੍ਰਿਜਮ ਦੇ ਇਕ ਫਲਕ ਤੇ ਪੈਂਦਾ ਹੈ ਤਾਂ ਪ੍ਰਕਾਸ਼ ਵੰਡ ਕੇ ਸੱਤ ਰੰਗਾਂ ਵਿੱਚ ਵੰਡ ਜਾਂਦਾ ਹੈ ਇੰਦਰਧਨੁਸ਼ ਦਾ ਬਣਨਾ ਵੀ ਇਸੇ ਕਿਰਿਆ ਦਾ ਇਕ ਉਦਾਹਰਣ ਹੈ। ਵਰਖਾ ਰੁਕਣ ਦੇ ਬਾਦ ਵਾਯੂਮੰਡਲ ਵਿੱਚ ਪਾਣੀ ਦੀਆਂ ਬੂੰਦਾਂ ਮੌਜੂਦ ਰਹਿੰਦੀਆਂ ਹਨ। ਜਦ ਸੂਰਜ ਦਾ ਪ੍ਰਕਾਸ਼ ਇਹਨਾਂ ਬੂੰਦਾਂ ਤੇ ਪੈਂਦਾ ਹੈ ਤਾਂ ਬੂੰਦਾਂ ਪ੍ਰਿਜਮ ਦਾ ਕੰਮ ਕਰਨ ਲੱਗਦੀਆਂ ਹਨ ਅਤੇ ਸੂਰਜ ਦੇ ਪ੍ਰਕਾਸ਼ ਨੂੰ ਸੱਤ ਰੰਗਾਂ ਵਿੱਚ ਵੰਡ ਦਿੰਦੀਆਂ ਹਨ। ਇਸ ਲਈ ਇੰਦਰਧਨੁਸ਼ ਬਣ ਜਾਂਦਾ ਹੈ।

**ਪ੍ਰਸ਼ਨ : ਪਾਣੀ ਨਾਲ ਭਰੇ ਟੱਬ ਵਿੱਚ ਤਲ ਤੇ ਰੱਖਿਆ ਹੋਇਆ ਸਿੱਕਾ ਤੁਹਾਨੂੰ ਉਠਿਆ ਹੋਇਆ ਕਿਉਂ ਲੱਗਦਾ ਹੈ?**


**ਉੱਤਰ :** ਉਹ ਭੌਤਿਕ ਸਾਧਨ ਜਿਸ ਵਿਚੋਂ ਪ੍ਰਕਾਸ਼ ਗੁਜਰਦਾ ਹੈ, ਮਾਧਿਅਮ ਕਹਿਲਾਉਂਦਾ ਹੈ। ਮਾਧਿਅਮ ਦੋ ਪ੍ਰਕਾਰ ਦੇ ਹੁੰਦੇ ਹਨ– ਵਿਰਲ ਅਤੇ ਸੰਘਨ। ਹਵਾ ਵਿਰਲ ਮਾਧਿਅਮ ਹੈ ਜਦ ਕਿ ਕੱਚ ਅਤੇ ਪਾਣੀ ਸੰਘਨ ਮਾਧਿਅਮ ਦੇ ਉਦਾਹਰਣ ਹਨ। ਅਪਵਰਤਨ ਦੇ ਕਾਰਣ ਜਦ ਪ੍ਰਕਾਸ਼ ਦੀਆਂ ਕਿਰਣਾਂ ਸੰਘਨ ਮਾਧਿਅਮ ਤੋਂ ਚੱਲ ਕੇ ਵਿਰਲ ਮਾਧਿਅਮ ਵਿੱਚ ਪ੍ਰਵੇਸ਼ ਕਰਦੀਆਂ ਹਨ ਤਾਂ ਬਾਹਰ ਤੋਂ ਵੇਖਣ ਤੇ ਪਾਣੀ ਨਾਲ ਭਰੇ ਹੋਏ ਟੱਬ ਵਿੱਚ ਤਲ ਤੇ ਰੱਖਿਆ ਹੋਇਆ ਸਿੱਕਾ ਤੁਹਾਨੂੰ ਉਠਿਆ ਹੋਇਆ ਪ੍ਰਤੀਤ ਹੁੰਦਾ ਹੈ।

**ਪ੍ਰਸ਼ਨ : ਸ਼ਰਬਤ ਬਣਾਉਣ ਲਈ ਪਾਣੀ ਵਿੱਚ ਪਹਿਲਾਂ ਚੀਨੀ ਪਾ ਕੇ ਫਿਰ ਬਰਫ਼ ਕਿਉਂ ਮਿਲਾਈ ਜਾਂਦੀ ਹੈ?**

**ਉੱਤਰ :** ਸ਼ਰਬਤ ਬਣਾਉਣ ਲਈ ਪਾਣੀ ਵਿੱਚ ਚੀਨੀ ਅਤੇ ਬਰਫ਼ ਮਿਲਾਈ ਜਾਂਦੀ ਹੈ। ਪ੍ਰੰਤੂ, ਪਾਣੀ ਵਿੱਚ ਪਹਿਲਾਂ ਬਰਫ਼ ਨਾ ਪਾ ਕੇ ਚੀਨੀ ਹੀ ਪਾਈ ਜਾਂਦੀ ਹੈ। ਅਗਰ ਸ਼ਰਬਤ ਬਣਾਉਣ ਲਈ ਬਰਫ਼ ਪਹਿਲਾਂ ਪਾ ਦਿੱਤੀ ਜਾਏ ਤਾਂ ਪਾਣੀ ਦਾ ਤਾਪਮਾਨ ਘੱਟ ਹੋ ਜਾਏਗਾ ਅਤੇ ਪਾਣੀ ਦੀ ਘੋਲਣ ਦੀ ਸ਼ਕਤੀ ਘੱਟ ਹੋ ਜਾਏਗੀ। ਇਸ ਲਈ ਚੀਨੀ ਠੀਕ ਢੰਗ ਨਾਲ ਨਹੀਂ ਘੁਲੇਗੀ। ■

❑ ਪ੍ਰਿਤਪਾਲ ਢਿੱਲੋਂ

# ਸ਼ਹਿਦ ਦੀ ਮੱਖੀ



ਮੈਨੂੰ ਕਹਿਣ ਸ਼ਹਿਦ ਦੀ ਮੱਖੀ।
ਕਿਸੇ ਦੀ ਮੈਂ ਪਰਵਾਹ ਨਹੀਂ ਰੱਖੀ।
ਲਾਲ ਭੂਰਾ ਜਿਹਾ ਰੰਗ ਹੈ ਮੇਰਾ।
ਸੂਈ ਤੋਂ ਤਿੱਖਾ ਡੰਗ ਹੈ ਮੇਰਾ।
ਆਪਣੀ ਕਰਾਂ ਪੂਰੀ ਰਖਵਾਲੀ।
ਮੇਰਾ ਵਾਰ ਨਾ ਜਾਂਦਾ ਖਾਲੀ।
ਛੱਤੇ ਤੇ ਮੈ ਘਰ ਬਣਾਂਵਾ।
ਉਸੇ ਵਿਚ ਦਿਨ ਰਾਤ ਬਿਤਾਵਾਂ।

ਫੁੱਲਾਂ ਵੱਲ ਹੈ ਮੇਰਾ ਫੇਰਾ।
ਫੁੱਲ-ਫੁੱਲ ਤੇ ਰੁਜ਼ਗਾਰ ਹੈ ਮੇਰਾ।
ਮਿਹਨਤ ਕਰਨੀ ਮੈ ਸਿਖਾਵਾਂ।
ਏਕੇ ਦੀ ਵੀ ਗੱਲ ਸਮਝਾਵਾਂ।
ਜੱਗ ਤੇ ਮੇਰੀ ਹੋਂਦ ਜੇ ਮੁੱਕ ਜਾਊ।
ਬੰਦੇ ਲਈ ਫਿਰ ਸ਼ਹਿਦ ਵੀ ਮੁੱਕ ਜਾਊ।
ਭਾਵੇਂ ਲੋਕੀ ਮੈਥੋਂ ਡਰਦੇ।
ਫਿਰ ਵੀ 'ਢਿੱਲੋਂ' ਕਦਰ ਨੇ ਕਰਦੇ।



ਬਾਲ ਕਹਾਣੀ : ਦਰਸ਼ਨ ਸਿੰਘ 'ਆਸ਼ਟ'

# ਅਨੋਖਾ ਸਬਕ

ਕਿਸੇ ਦੇਸ਼ ਦਾ ਬਾਦਸ਼ਾਹ ਆਪਣੇ ਆਪ ਨੂੰ ਸਭ ਤੋਂ ਜ਼ਿਆਦਾ ਸਮਝਦਾਰ ਸਮਝਦਾ ਸੀ। ਮਤਲਬ ਇਹ ਕਿ ਉਹ ਹੰਕਾਰ ਦਾ ਪੁਤਲਾ ਸੀ। ਉਸ ਦੇ ਮੰਤਰੀਮੰਡਲ ਵਿੱਚ ਤਜ਼ਰਬੇਕਾਰ ਅਤੇ ਸਿਆਣੇ ਵਿਅਕਤੀ ਵੀ ਸ਼ਾਮਿਲ ਸਨ। ਜਦ ਉਹ ਬਾਦਸ਼ਾਹ ਨੂੰ ਪ੍ਰਜਾ ਦੀ ਭਲਾਈ ਲਈ ਕੋਈ ਚੰਗੀ ਸਲਾਹ ਦਿੰਦੇ ਤਾਂ ਉਹ ਝੱਟ ਬੋਲਦਾ, ''ਮੈਨੂੰ ਪਤਾ ਹੈ ਕਿ ਮੈਂ ਕੀ ਕਰਨਾ ਹੈ? ਤੁਸੀਂ ਮੇਰੇ ਤੋਂ ਜ਼ਿਆਦਾ ਸਮਝਦਾਰ ਜਾਂ ਤਜ਼ਰਬੇਕਾਰ ਨਹੀਂ ਹੋ।''

ਇਸ ਤਰ੍ਹਾਂ ਉਹ ਸਭ ਤੇ ਆਪਣੀ ਅਕਲਮੰਦੀ ਦਾ ਸਿੱਕਾ ਜਮਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ।

ਇਕ ਦਿਨ ਦੀ ਗੱਲ ਹੈ। ਦਰਬਾਰ ਲਗਾ ਹੋਇਆ ਸੀ। ਰਾਜਾ ਨੇ ਕਿਸੇ ਮੁਕਦਮੇ ਦਾ ਫੈਸਲਾ ਸੁਣਾਇਆ ਤਾਂ ਸਾਰੇ ਇਕ-ਦੂਸਰੇ ਦਾ ਮੂੰਹ ਤੱਕਣ ਲਗੇ ਕਿਉਂਕਿ ਫੈਸਲਾ ਬੜਾ ਅਨੋਖਾ ਸੀ। ਚੋਰ ਨੇ ਨਾਲ ਵਾਲੇ ਪਿੰਡ ਵਿੱਚ ਦਿਨ-ਦਿਹਾੜੇ ਚੋਰੀ ਕੀਤੀ ਸੀ ਲੇਕਿਨ ਗਵਾਹਾਂ ਦੀ ਗਵਾਹੀ ਦੇ ਬਾਵਜੂਦ ਵੀ ਚੋਰ ਨੂੰ ਸ਼ਰੇਆਮ ਮਾਫ਼ ਕਰ ਦਿਤਾ ਗਿਆ। ਸਭ ਤੋਂ ਬਜ਼ੁਰਗ ਮੰਤਰੀ ਨੇ ਕਿਹਾ, ''ਜਹਾਂਪਨਾਹ! ਫੈਸਲਾ ਠੀਕ ਨਹੀਂ ਹੋਇਆ। ਅਪਰਾਧੀ ਨੂੰ ਸਜਾ ਮਿਲਣੀ ਹੀ ਚਾਹੀਦੀ ਹੈ।''

''ਚੁੱਪ ਰਹੋ। ਇਹ ਮੇਰੀ ਆਪਣੀ ਸਮਝ ਹੈ।'' ਬਾਦਸ਼ਾਹ ਨੇ ਇਹ ਕਹਿ ਕੇ ਮੰਤਰੀ ਨੂੰ ਚੁਪ ਕਰਵਾ ਦਿੱਤਾ।

ਦੰਦਾਂ ਹੇਠਾਂ ਉਂਗਲੀਆਂ ਦਬਾਅ ਕੇ ਸਾਰੇ ਸੋਚਣ ਲਗੇ ਕਿ ਜੇਕਰ ਆਪਣੇ ਆਪ ਨੂੰ ਬਾਦਸ਼ਾਹ ਇਸੇ ਤਰ੍ਹਾਂ ਸਭ ਤੋਂ ਜ਼ਿਆਦਾ ਅਕਲਮੰਦ ਸਮਝ ਕੇ ਫੈਸਲੇ ਕਰਦਾ ਰਿਹਾ ਤਾਂ ਅਪਰਾਧੀਆਂ ਦਾ ਮਨੋਬਲ ਵਧ ਜਾਏਗਾ ਅਤੇ ਸੱਚੇ ਅਤੇ ਇਮਾਨਦਾਰ ਲੋਕਾਂ ਨੂੰ ਨੁਕਸਾਨ ਉਠਾਉਣਾ ਪਏਗਾ। ਲੇਕਿਨ ਕੀ ਕੀਤਾ ਜਾਏ? ਕੁਝ ਸਮਝ ਨਹੀਂ ਆ ਰਿਹਾ ਸੀ।

ਰਾਣੀ ਦੁਖੀ ਸੀ। ਉਸ ਨੇ ਵੀ ਬਾਦਸ਼ਾਹ ਨੂੰ



ਸਮਝਾਇਆ ਕਿ ਜੇਕਰ ਉਹਨਾਂ ਨੂੰ ਆਪਣੇ ਮੰਤਰੀਮੰਡਲ ਦੇ ਮਸ਼ਵਰੇ ਪਸੰਦ ਨਹੀਂ ਹਨ ਤਾਂ ਘੱਟ ਤੋਂ ਘੱਟ ਉਹਨਾਂ ਦਾ ਨਿਰਾਦਰ ਤਾਂ ਨਾ ਕਰੋ। ਰਾਣੀ ਨੇ ਇਹ ਵੀ ਕਿਹਾ ਕਿ ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਕਹਿਣਾ ਚਾਹੀਦਾ ਹੈ ਅਤੇ ਇਸੇ ਆਧਾਰ ਤੇ ਫੈਸਲਾ ਸੁਣਾਉਣਾ ਚਾਹੀਦਾ ਹੈ ਲੇਕਿਨ ਬਾਦਸ਼ਾਹ ਕਦੋਂ ਕਿਸੇ ਦੀ ਮੰਨਣ ਵਾਲਾ ਸੀ?

ਇਕ ਦਿਨ ਜਦ ਫਿਰ ਬਾਦਸ਼ਾਹ ਨੇ ਆਪਣੇ ਮੰਤਰੀ ਨੂੰ ਸਭ ਦੇ ਸਾਹਮਣੇ ਬੁਰਾ-ਭਲਾ ਕਹਿ ਦਿੱਤਾ ਤਾਂ ਰਾਣੀ ਨੂੰ ਧੱਕਾ ਲੱਗਾ। ਉਹ ਉਸ ਸਮੇਂ ਤਾਂ ਨਾ ਬੋਲੀ ਕਿਉਂਕਿ ਉਹ ਜਾਣਦੀ ਸੀ ਕਿ ਬਾਦਸ਼ਾਹ ਦਾ ਗੁੱਸਾ ਬੁਰਾ ਹੈ ਲੇਕਿਨ ਆਪਣੇ ਸਮਝਦਾਰ ਮੰਤਰੀ ਦੀ ਬੇਇੱਜ਼ਤੀ ਦਾ ਵੀ ਉਹਨੂੰ ਦੁੱਖ ਸੀ।

ਦਰਬਾਰ ਬਰਖਾਸਤ ਹੋਣ ਤੇ ਰਾਣੀ ਨੇ ਆਪਣੇ ਕਮਰੇ ਵਿੱਚ ਮੰਤਰੀ ਨੂੰ ਬੁਲਾਇਆ ਅਤੇ ਬਾਦਸ਼ਾਹ ਰਾਹੀਂ ਊਟ-ਪਟਾਂਗ ਬੋਲੇ ਜਾਣ ਲਈ ਖੁਦ ਮੰਤਰੀ ਤੋਂ ਮਾਫੀ ਮੰਗੀ।

ਇਹ ਸੁਣ ਕੇ ਬਜ਼ੁਰਗ ਮੰਤਰੀ ਬੜੇ ਹੌਸਲੇ ਨਾਲ ਬੋਲਿਆ, ''ਰਾਣੀ ਜੀ, ਆਪ ਖਾਮਖਾਹ ਪ੍ਰੇਸ਼ਾਨ ਨਾ ਹੋਵੋ। ਮੈਂ ਆਪਣੇ ਬਾਦਸ਼ਾਹ ਦੀ ਫਿਤਰਤ ਨੂੰ ਜਾਣਦਾ ਹਾਂ। ਸ਼ਾਇਦ ਆਪ ਨੇ ਨਹੀਂ ਸੁਣਿਆ। ਜੋ ਰਾਜਾ ਆਪਣੇ ਮਾਣਯੋਗ ਪੁਰਸ਼ਾਂ ਦਾ ਨਿਰਾਦਰ ਕਰਦਾ ਹੈ, ਉਸ ਨੂੰ ਮੂਰਖ ਕਿਹਾ ਜਾਂਦਾ ਹੈ। ਮੈਂ ਆਪਣੇ ਬਾਦਸ਼ਾਹ ਦੀਆਂ ਗੱਲਾਂ ਦਾ ਜਰਾ ਵੀ ਬੁਰਾ ਨਹੀਂ ਮੰਨਦਾ ਲੇਕਿਨ ਇਕ ਗੱਲ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਉਹਨਾਂ ਨੂੰ ਸਭ ਤੋਂ ਬੁੱਧੀਮਾਨ ਹੋਣ ਦਾ ਘਮੰਡ ਹੋ ਗਿਆ ਹੈ। ਇਕ ਨਾ ਇਕ ਦਿਨ ਅਜਿਹਾ ਆਇਗਾ ਕਿ ਉਹ ਖੁਦ ਸਮਝ ਜਾਣਗੇ ਕਿ ਕੀ ਸੱਚ ਹੈ ਅਤੇ ਕੀ ਝੂਠ?''

ਬਾਦਸ਼ਾਹਾਂ ਨੂੰ ਸ਼ਿਕਾਰ ਖੇਡਣ ਦਾਂ ਸ਼ੌਂਕ ਤਾਂ ਹੁੰਦਾ ਹੀ ਹੈ। ਇਕ ਦਿਨ ਉਹ ਆਪਣੇ ਕੁਝ ਸਿਪਾਹੀਆਂ ਦੇ ਨਾਲ ਜੰਗਲ ਵਿੱਚ ਸ਼ਿਕਾਰ ਖੇਡਣ ਲਈ ਨਿਕਲਿਆ। ਦੁਪਹਿਰ ਹੋ ਗਈ ਲੇਕਿਨ ਉਹਨੂੰ ਕੋਈ ਸ਼ਿਕਾਰ ਨਾ ਮਿਲਿਆ। ਉਹ ਆਪਣਾ ਘੋੜਾ ਦੌੜਾਉਂਦਾ ਹੋਇਆ ਹੋਰ ਵੀ ਘਣੇ ਜੰਗਲ ਵਿੱਚ ਜਾ ਨਿਕਲਿਆ। ਅਚਾਨਕ ਇਕ ਹਿਰਣੀ ਵਿਖਾਈ ਦਿੱਤੀ। ਉਸ ਨੇ ਹਿਰਣੀ ਦੇ ਪਿਛੇ ਆਪਣਾ ਘੋੜਾ ਤੇਜ਼ ਦੌੜਾਇਆ ਲੇਕਿਨ ਹਿਰਣੀ ਐਨੀ ਤੇਜ਼ ਦੌੜੀ ਕਿ ਪਲਭਰ ਵਿੱਚ ਹੀ ਬਾਦਸ਼ਾਹ ਦੀਆਂ ਅੱਖਾਂ ਤੋਂ ਓਝਲ ਹੋ ਗਈ। ਬਾਦਸ਼ਾਹ ਉਸ ਦਾ ਪਿਛਾ ਨਹੀਂ ਛੱਡਣ ਵਾਲਾ ਸੀ ਕਿਉਂਕਿ ਉਸ ਨੂੰ ਮਨ ਹੀ ਮਨ ਸ਼ਰਮ ਵੀ ਆ ਰਹੀ ਸੀ ਕਿ ਜੇਕਰ ਉਹ ਖਾਲੀ ਹੱਥ ਵਾਪਸ ਮੁੜਿਆ ਤਾਂ ਉਸ ਦੇ ਸਾਥੀ ਕੀ ਕਹਿਣਗੇ? ਉਸ ਨੇ ਫੈਸਲਾ ਕੀਤਾ ਕਿ ਸ਼ਿਕਾਰ ਚਾਹੇ ਛੋਟਾ ਕਿਉਂ ਨਾ ਹੋਵੇ, ਉਹ ਲੈ ਕੇ ਹੀ ਜਾਏਗਾ।



ਬਾਦਸ਼ਾਹ ਥਕਾਵਟ ਨਾਲ ਚੂਰ ਹੋ ਕੇ ਇਕ ਰੁੱਖ ਦੇ ਹੇਠਾਂ ਬੈਠ ਕੇ ਆਰਾਮ ਕਰਨ ਲਗਾ। ਉਸ ਨੇ ਆਪਣਾ ਘੋੜਾ ਕੋਲ ਵਾਲੇ ਰੁੱਖ ਦੇ ਨਾਲ ਬੰਨ੍ਹ ਦਿੱਤਾ।

ਅਜੇ ਉਸ ਨੂੰ ਆਰਾਮ ਕਰਦੇ ਹੋਏ ਥੋੜੀ ਹੀ ਦੇਰ ਹੋਈ ਸੀ ਕਿ ਉਥੇ ਬੁੱਧੂ ਨਾਮਕ ਇਕ ਆਜੜੀ ਆ ਨਿਕਲਿਆ। ਹੁਣ ਆਜੜੀ ਨੇ ਕੁਝ ਦੂਰ ਤੋਂ ਅਤਿ ਕੀਮਤੀ ਵਸਤਰਾਂ ਵਾਲੇ ਕਿਸੇ ਵਿਅਕਤੀ ਨੂੰ ਸੁੱਤੇ ਹੋਏ ਵੇਖਿਆ ਤਾਂ ਉਹ ਸਮਝ ਗਿਆ ਕਿ ਉਹ ਤਾਂ ਬਾਦਸ਼ਾਹ ਹੈ। ਤਦ ਤਕ ਬਾਦਸ਼ਾਹ ਵੀ ਭੇਡ-ਬੱਕਰੀਆਂ ਦੀ ਦੂਰ ਤੋਂ ਮਿਮਿਆਣੇ ਦੀ ਆ ਰਹੀ ਆਵਾਜ਼ ਸੁਣ ਕੇ ਚੇਤਨ ਹੋ ਗਿਆ ਸੀ।

ਬਾਦਸ਼ਾਹ ਨੇ ਆਜੜੀ ਨੂੰ ਸੰਕੇਤ ਕਰਕੇ ਆਪਣੇ ਕੋਲ ਬੁਲਾਇਆ।

'ਕੀ ਨਾਮ ਹੈ ਤੇਰਾ?'' ਬਾਦਸ਼ਾਹ ਨੇ ਪੁੱਛਿਆ।

''ਬੁੱਧੂ।'' ਆਜੜੀ ਬੋਲਿਆ।

ਬਾਦਸ਼ਾਹ ਇਕਦਮ ਹੱਸ ਕੇ ਬੋਲਿਆ, ਬੜਾ ਵਧੀਆ ਨਾਮ ਹੈ।''

ਬਾਦਸ਼ਾਹ ਨੂੰ ਪਿਆਸ ਲਗੀ ਹੋਈ ਸੀ। ਬੁੱਧੂ ਦੇ ਕੋਲ ਪਾਣੀ ਸੀ। ਉਸ ਨੇ ਬਾਦਸ਼ਾਹ ਨੂੰ ਪੀਣ ਲਈ ਪਾਣੀ ਦਿੱਤਾ ਤਾਂ ਬਾਦਸ਼ਾਹ ਇਕਦਮ ਉਸ ਦੇ ਪਾਣੀ ਵਾਲੇ ਬਰਤਨ ਵੱਲ ਲਪਕਿਆ ਲੇਕਿਨ ਅਗਲੇ ਹੀ ਪਲ ਆਪਣਾ ਹੱਥ ਖਿਚ ਲਿਆ ਅਤੇ ਬੋਲਿਆ, ''ਇਸ ਬਰਤਨ ਨੂੰ ਧੋਤੇ ਤਾਂ ਸਦੀਆਂ ਗੁਜ਼ਰ ਗਈ ਲਗਦੀ ਹੈ। ਮੈਂ ਤੇਰਾ ਪਾਣੀ ਨਹੀਂ ਪੀਵਾਂਗਾ।''

ਆਜੜੀ ਬੋਲਿਆ, ''ਮਹਾਰਾਜ, ਇਸ ਬਰਤਨ ਦਾ ਰੰਗ ਹੀ ਅਜਿਹਾ ਹੈ। ਮੈਂ ਇਸ ਬਰਤਨ ਨੂੰ ਰੋਜ਼ ਚੰਗੀ ਤਰ੍ਹਾਂ ਧੋਂਦਾ ਹਾਂ। ਮੈਂ ਆਪ ਨੂੰ ਪਾਣੀ ਪੇਸ਼ ਕੀਤਾ ਹੈ, ਨਹੀਂ ਪੀਣਾ ਤਾਂ ਆਪ ਦੀ ਮਰਜ਼ੀ।''

ਇਹ ਕਹਿ ਕੇ ਬੁੱਧੂ ਅਗੇ ਵਧਣ ਲਗਾ। ਇਕ ਆਜੜੀ ਤੋਂ ਇੰਝ ਜਵਾਬ ਦੀ ਉਮੀਦ ਨਹੀਂ ਸੀ। ਫਿਰ ਵੀ ਬਾਦਸ਼ਾਹ ਆਪਣੇ ਆਪ ਤੇ ਕਾਬੂ ਰੱਖ ਕੇ ਉਸ ਨਾਲ ਗੱਲਾਂ ਕਰਨ ਲਗਾ। ਆਜੜੀ ਅਕਸਰ ਜੰਗਲ ਵਿੱਚ ਆਇਆ ਕਰਦਾ ਸੀ। ਉਸ ਨੂੰ ਰਾਜਾ ਦੀ ਮੰਸ਼ਾ ਦਾ ਪਤਾ ਤਾਂ ਲਗ ਹੀ ਚੁੱਕਾ ਸੀ। ਰਾਜਾ ਨੇ ਜਦ ਉਸ ਤੋਂ ਪੁੱਛਿਆ ਕਿ ਜ਼ਿਆਦਾਤਰ ਜੀਵ-ਜੰਤੂ ਕਿਸ ਦਿਸ਼ਾ ਵਿੱਚ ਹਨ ਤਾਂ ਆਜੜੀ ਨੇ ਉਹ ਦਿਸ਼ਾ ਦੱਸੀ ਜਿਧਰ ਜੀਵ-ਜੰਤੂ ਨਹੀਂ ਸਨ ਕਿਉਂਕਿ ਉਹ ਨਹੀਂ ਚਾਹੁੰਦਾ ਸੀ ਕਿ ਉਹ ਜੀਵ-ਜੰਤੂਆਂ ਨੂੰ ਆਪਣਾ ਸ਼ਿਕਾਰ ਬਣਾਏ।

ਬਾਦਸ਼ਾਹ ਨੇ ਬੁੱਧੂ ਤੋਂ ਪੁੱਛਿਆ, '' ਤੂੰ ਹਰ ਰੋਜ਼ ਜੰਗਲ ਵਿੱਚ ਆਉਂਦਾ ਹੈ?''

ਬੁੱਧੂ ਬੋਲਿਆ, ''ਜੀ ਹਾਂ।''

''ਜਾਣਦੇ ਹੋ ਮੈਂ ਕੌਣ ਹਾਂ?'' ਬਾਦਸ਼ਾਹ ਨੇ ਪੁੱਛਿਆ।

''ਬਾਦਸ਼ਾਹ ਲੱਗਦੇ ਹੋ?''

ਬੁੱਧੂ ਬੋਲਿਆ।

''ਕੇਵਲ ਬਾਦਸ਼ਾਹ ਹੀ ਨਹੀਂ ਬਲਕਿ ਇਸ ਮੁਲਕ ਦਾ ਸਭ ਤੋਂ ਜ਼ਿਆਦਾ ਤਜ਼ਰਬੇਕਾਰ ਵਿਅਕਤੀ ਵੀ।'' ਬਾਦਸ਼ਾਹ ਨੇ ਕਿਹਾ।

ਇਹ ਸੁਣ ਕੇ ਬੁੱਧੂ ਹੱਸ ਪਿਆ।

''ਤੂੰ ਮੇਰੀ ਗੱਲ ਤੇ ਹੱਸਣ ਦੀ ਗੁਸਤਾਖੀ ਕੀਤੀ ਹੈ।'' ਬਾਦਸ਼ਾਹ ਨੇ ਕਿਹਾ।

''ਮੈਂ ਆਪ ਤੇ ਨਹੀਂ, ਆਪ ਦੀ ਗੱਲ ਤੇ ਹੱਸ ਰਿਹਾ ਹਾਂ।''ਬੁੱਧੂ ਬੋਲਿਆ।

''ਕੀ ਮਤਲਬ?'' ਬਾਦਸ਼ਾਹ ਨੇ ਉਤਸੁਕਤਾਵਸ਼ ਪੁੱਛਿਆ।

ਬੁੱਧੂ ਹੌਸਲੇ ਨਾਲ ਬੋਲਿਆ, ''ਮਹਾਰਾਜ, ਹਰ ਵਿਅਕਤੀ ਆਪਣੇ-ਆਪਣੇ ਕੰਮ ਵਿੱਚ ਮਾਹਿਰ ਹੁੰਦਾ ਹੈ। ਜੇਕਰ ਆਪ ਆਪਣੇ ਕੰਮ ਵਿੱਚ ਨਿਪੁੰਨ ਹੋ ਤਾਂ ਮੈਂ ਆਪਣੇ ਕੰਮ ਵਿੱਚ ਆਪ ਤੋਂ ਜ਼ਿਆਦਾ ਤਜ਼ਰਬੇਕਾਰ ਹਾਂ।''

''ਕਿਸੇ ਦਿਨ ਮੇਰੇ ਦਰਬਾਰ ਵਿੱਚ ਆ ਜਾਣਾ। ਇਸ ਦਾ ਸਬੂਤ ਮਿਲ ਜਾਏਗਾ। ਕੋਈ ਵੀ ਮੇਰੇ ਸਮਝਦਾਰੀ ਵਾਲੇ ਫੈਸਲੇ ਨੂੰ ਕੱਟ ਨਹੀਂ ਸਕਦਾ। ਕਿਸੇ ਵਿੱਚ ਜੁਰਅਤ ਨਹੀਂ ਹੁੰਦੀ।'' ਬਾਦਸ਼ਾਹ ਨੇ ਕਿਹਾ।

''ਆਪ ਤੋਂ ਲੋਕ ਡਰਦੇ ਹਨ ਇਸ ਲਈ ਆਪ ਦੇ ਫੈਸਲੇ ਕੱਟਣ ਦੀ ਉਹਨਾਂ ਵਿੱਚ ਹਿੰਮਤ ਨਹੀਂ। ਇਕ ਗੱਲ ਆਪ ਨੂੰ ਨਿਮਰਤਾ ਨਾਲ ਕਹਿਣਾ ਚਾਹੁੰਦਾ ਹਾਂ ਕਿ ਕਿਹਾ ਗਿਆ ਹੈ ਕਿ ਦੁਸ਼ਟ ਪੁਰਸ਼ਾਂ ਦਾ ਬਲ ਹੈ ਹਿੰਸਾ, ਰਾਜਿਆਂ ਦਾ ਦੰਡ ਦੇਣਾ, ਗੁਣਵਾਨਾਂ ਦਾ ਬਲ ਹੈ ਮਾਫੀ ਲੇਕਿਨ ਜੇਕਰ ਰਾਜਾ ਆਪਣੀ ਪ੍ਰਜਾ ਨਾਲ



ਸਹੀ ਨਿਆਂ ਨਾ ਕਰੇ ਅਤੇ ਖੁਦ ਨੂੰ ਸਭ ਤੋਂ ਜ਼ਿਆਦਾ ਸਮਝਦਾਰ ਸਿੱਧ ਕਰਨ ਦੀ ਕੋਸ਼ਿਸ਼ ਕਰੇ ਤਾਂ ਇਸ ਦਾ ਨਤੀਜਾ ਠੀਕ ਨਹੀਂ ਨਿਕਲਦਾ। ਮੈਂ ਮਿਹਨਤ ਕਰਕੇ ਖਾਣ ਵਾਲਾ ਵਿਅਕਤੀ ਹਾਂ। ਮੈਨੂੰ ਕੋਈ ਡਰ ਨਹੀਂ ਹੈ। ਰਹੀ ਗੱਲ ਆਪਣੇ ਆਪ ਨੂੰ ਜ਼ਿਆਦਾ ਤਜ਼ਰਬੇਕਾਰ ਅਤੇ ਸਮਝਦਾਰ ਸਿੱਧ ਕਰਨ ਦੀ। ਇਸ ਦਾ ਨਿਰਣਾ ਹਾਲਾਂ ਹੋਣਾ ਚਾਹੀਦਾ ਹੈ।'' ਬੁੱਧੂ ਬੋਲਿਆ।

''ਠੀਕ ਹੈ। ਮੈਨੂੰ ਮਨਜ਼ੂਰ ਹੈ।'' ਬਾਦਸ਼ਾਹ ਨੇ ਕਿਹਾ।

ਅਜੇ ਉਹ ਆਪਸ ਵਿੱਚ ਗੱਲਾਂ ਹੀ ਕਰ ਰਹੇ ਸਨ ਕਿ ਬੁੱਧੂ ਦਾ ਇਕ ਮੇਮਣਾ ਦੂਰ ਭੱਜਣ ਲੱਗਾ। ਬੁੱਧੂ ਨੇ ਉਚਿਤ ਮੌਕਾ ਵੇਖ ਕੇ ਝੱਟ ਬਾਦਸ਼ਾਹ ਨੂੰ ਕਿਹਾ, ''ਚੰਗਾ ਮਹਾਰਾਜ। ਜੇਕਰ ਆਪ ਆਪਣੇ ਆਪ ਨੂੰ ਸਭ ਤੋਂ ਜ਼ਿਆਦਾ ਸਮਝਦਾਰ ਸਮਝਦੇ ਹੋ ਤਾਂ ਮੇਰੇ ਉਸ ਭੱਜੇ ਜਾ ਰਹੇ ਮੇਮਣੇ ਨੂੰ ਵਾਪਿਸ ਬੁਲਾ ਕੇ ਵਿਖਾਉ ਤਾਂ ਮੈਂ ਹਾਰ ਮੰਨ ਲਵਾਂਗਾ।

ਸਵਾਲ ਟੇਡਾ ਸੀ ਲੇਕਿਨ ਬਾਦਸ਼ਾਹ ਦੀ ਇੱਜ਼ਤ ਦਾ ਵੀ ਸਵਾਲ ਸੀ। ਉਹ ਬੋਲਿਆ, '' ਇਹ ਵੀ ਕੋਈ ਵੱਡੀ ਗੱਲ ਹੈ? ਹੁਣੇ ਲਉ।'' ਬਾਦਸ਼ਾਹ ਨੇ ਕਿਹਾ ਅਤੇ ਝੱਟ ਹੀ ਮੇਮਣੇ ਨੂੰ ਪੁਚਕਾਰਦਾ ਹੋਇਆ ਆਵਾਜ਼ਾਂ ਦੇਣ ਲੱਗਾ। 'ਵਾਪਿਸ ਆ ਜਾ। ਵਾਪਿਸ ਆ ਜਾ। ਸ਼ਾਬਾਸ਼! ਆ ਜਾ।' ਲੇਕਿਨ ਮੇਮਣਾ ਨਾ ਰੁਕਿਆ।

ਆਜੜੀ ਰਾਜਾ ਦੀਆਂ ਅਜਿਹੀਆਂ ਗੱਲਾਂ ਸੁਣ ਕੇ ਹੱਸਣ ਲਗਾ।

''ਇਥੇ ਹੁਕਮ ਨਹੀਂ ਚਲੇਗਾ। ਮੇਰੀ ਖਾਸ ਆਵਾਜ਼ ਹੀ ਚਲੇਗੀ। ਇਹ ਵੇਖੋ।'' ਕਹਿ ਕੇ ਬੁੱਧੂ ਨੇ ਇਕ ਵਿਸ਼ੇਸ਼ ਤਰ੍ਹਾਂ ਦੀ ਆਵਾਜ਼ ਕੱਢੀ। ਆਵਾਜ਼ ਸੁਣ ਕੇ ਮੇਮਣਾ ਨਾ ਕੇਵਲ ਉਥੇ ਰੁਕ ਗਿਆ ਬਲਕਿ ਫੌਰਨ ਵਾਪਿਸ ਵੀ ਆਉਣ ਲੱਗਾ।

ਰਾਜਾ ਹੈਰਾਨ ਰਹਿ ਗਿਆ। ਉਹ ਬੁੱਧੂ ਦੇ ਮੋਢੇ ਤੇ ਹੱਥ ਰੱਖਦਾ ਹੋਇਆ ਬੋਲਿਆ, ''ਇਸ ਕੰਮ ਵਿੱਚ ਮੈਂ ਤੇਰੇ ਅਗੇ ਅੱਜ ਆਪਣੀ ਹਾਰ ਮੰਨਦਾ ਹਾਂ। ਸਚਮੁੱਚ ਹੀ ਹਰ ਵਿਅਕਤੀ ਆਪਣੇ-ਆਪਣੇ ਕੰਮ ਵਿੱਚ ਮਾਹਿਰ ਹੁੰਦਾ ਹੈ। ਲੇਕਿਨ ਮੈਨੂੰ ਅੱਜ ਇਸ ਗੱਲ ਦਾ ਅਹਿਸਾਸ ਹੋ ਗਿਆ ਹੈ ਕਿ ਕਈ ਵਿਅਕਤੀ ਸਾਲਾਂ ਤਕ ਵੀ ਉਚਿਤ ਫੈਸਲਾ ਨਹੀਂ ਕਰ ਸਕਦੇ ਜਿਹਨਾਂ ਵਿਚੋਂ ਮੈਂ ਇਕ ਹਾਂ। ਮੇਰੇ ਦਰਬਾਰ ਵਿੱਚ ਸਮਝਦਾਰ ਮੰਤਰੀ ਵੀ ਹਨ। ਲੇਕਿਨ ਆਪਣੀ ਤਾਕਤ ਦੇ ਨਸ਼ੇ ਵਿੱਚ ਮੈਂ ਉਹਨਾਂ ਦਾ ਨਿਰਾਦਰ ਕਰਦਾ ਰਿਹਾ। ਅੱਜ ਦੀ ਇਸ ਛੋਟੀ ਜਿਹੀ ਘਟਨਾ ਨੇ ਮੈਨੂੰ ਇਹ ਸਬਕ ਸਿਖਾ ਦਿਤਾ ਹੈ ਕਿ ਆਪਣੇ ਆਪ ਨੂੰ ਦੂਸਰਿਆਂ ਤੋਂ ਵੱਡਾ ਵਿਖਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਵਰਨਾ ਹਾਰ ਦਾ ਮੂੰਹ ਵੇਖਣਾ ਪੈ ਸਕਦਾ ਹੈ। ਤੂੰ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ।''

ਇਹ ਕਹਿ ਕੇ ਬਾਦਸ਼ਾਹ ਬੁੱਧੂ ਤੋਂ ਪਾਣੀ ਲੈ ਕੇ ਪੀਣ ਲੱਗਾ।

''ਤੂੰ ਮੇਰੇ ਮਹਿਲ ਵਿੱਚ ਆਉਣਾ। ਮੈਂ ਤੈਨੂੰ ਨੌਕਰੀ ਦੇਵਾਗਾ।'' ਬਾਦਸ਼ਾਹ ਨੇ ਕਿਹਾ ਤਾਂ ਬੁੱਧੂ ਇਕਦਮ ਬੋਲਿਆ, ''ਨਹੀਂ ਮਹਾਰਾਜ, ਜੇਕਰ ਮੈਂ ਆਪ ਦੇ ਮਹਿਲਾਂ ਵਿੱਚ ਰਹਿਣ ਲਗਾ ਤਾਂ ਮੇਰਾ ਇੱਜੜ ਕਿਥੇ ਜਾਏਗਾ? ਮੈਂ ਆਪਣੇ ਇੱਜੜ ਨਾਲ ਖੁਸ਼ ਹੀ ਨਹੀਂ, ਸੰਤੁਸ਼ਟ ਵੀ ਹਾਂ।''



ਇਹ ਕਹਿ ਕੇ ਬੁੱਧੂ ਅਗੇ ਵਧ ਗਿਆ।

ਬਾਦਸ਼ਾਹ ਆਪਣੇ ਇੱਜੜ ਦੇ ਪਿਛੇ-ਪਿਛੇ ਬੜੇ ਮਾਣ ਨਾਲ ਜਾ ਰਹੇ ਬੁੱਧੂ ਨੂੰ ਵੇਖਦਾ ਰਹਿ ਗਿਆ।

# ਹਾਸਾ ਖੇਡਾ

ਬੱਸ ਕੰਡਕਟਰ : (ਯਾਤਰੀ ਨੂੰ) ਐਨੀ ਜਗ੍ਹਾ ਪਈ ਹੈ, ਆਪ ਬੈਠ ਕਿਉਂ ਨਹੀਂ ਜਾਂਦੇ?

ਯਾਤਰੀ : ਮੈਂ ਇਥੇ ਬੈਠਣ ਨਹੀਂ ਆਇਆ ਹਾਂ। ਮੈਂ ਘਰ ਛੇਤੀ ਪਹੁੰਚਣਾ ਹੈ।

...............

ਡਾਕਟਰ : ਪਿਛਲੀਵਾਰ ਯਾਦਾਸ਼ਤ ਵਧਾਉਣ ਲਈ ਜੋ ਦਵਾ ਲੈ ਗਏ ਸੀ ਉਸ ਨਾਲ ਕੁਝ ਫਰਕ ਪਿਆ?

ਮਰੀਜ਼ : ਹੁਣ ਤਕ ਕੁਝ ਫਰਕ ਨਹੀਂ ਪਿਆ, ਰੋਜ਼ ਦਵਾ ਲੈਣਾ ਹੀ ਭੁੱਲ ਜਾਂਦਾ ਹਾਂ।

...............

ਸਬਜ਼ੀ ਵੇਚਣ ਵਾਲੇ ਦੇ ਘਰ ਬੱਚਾ ਹੋਇਆ ਤਾਂ ਇਕ ਔਰਤ ਨੇ ਕਿਹਾ – ਵਧਾਈ ਹੋਵੇ, ਬੱਚਾ ਕਿਹੋ ਜਿਹਾ ਹੈ?
ਇਕਦਮ ਤਾਜ਼ਾ ਹੈ ਭੈਣ ਜੀ!
– ਸਬਜ਼ੀ ਵੇਚਣ ਵਾਲੇ ਨੇ ਕਿਹਾ।



...............

ਕਵੀ : ਆਪ ਨੂੰ ਮੇਰੀ ਕਵਿਤਾ ਪਸੰਦ ਆਈ?

ਇਕ ਸਰੋਤਾ : ਮੈਨੂੰ ਉਸ ਦਾ ਅੰਤ ਸੁੰਦਰ ਲਗਾ।

ਕਵੀ : ਕਿਸ ਜਗ੍ਹਾ?

ਸਰੋਤਾ : ਜਦ ਆਪ ਨੇ ਕਿਹਾ ਕਿ ਕਵਿਤਾ ਸਮਾਪਤ ਹੋਈ।

– ਸੀਮਾ

ਥਾਣੇਦਾਰ : (ਚੋਰ ਨੂੰ) ਤੂੰ ਚੋਰੀ ਕਿਉਂ ਕੀਤੀ?

ਚੋਰ : ਕਿਉਂ ਨਾ ਕਰਦਾ ਸਰ?

ਥਾਣੇਦਾਰ : ਇਸ ਦਾ ਕੀ ਮਤਲਬ ਹੈ?

ਚੋਰ : ਸਰ ਦਰਵਾਜੇ ਦੇ ਬਾਹਰ ਲਿਖਿਆ ਸੀ 'ਸੁਭ ਸਵਾਗਤ'।



...............

ਸੋਨੀਆ : (ਨੀਤੂ ਨੂੰ) ਮੈਨੂੰ ਕੋਈ ਅਜਿਹਾ ਉਪਾਅ ਦੱਸੋ ਕਿ ਮੈਂ ਮੋਟੀ ਹੋ ਜਾਊਂ। ਸਾਰੇ ਲੋਕ ਮੈਨੂੰ ਸੁਕੜੀ-ਸੁਕੜੀ ਕਹਿੰਦੇ ਹਨ।

ਨੀਤੂ : ਉਹ ਜੋ ਤੇਰੀ ਛੱਤ ਤੇ ਮੱਧੂਮੱਖੀਆਂ ਦਾ ਛੱਤਾ ਹੈ ਨਾ। ਉਸ ਵਿੱਚ ਹੱਥ ਪਾ ਦੇ। ਤੂੰ ਮੋਟੀ ਹੋ ਜਾਏਗੀ।

...............

ਸੋਨੂੰ ਨੇ ਸੁੱਤੇ ਹੋਏ ਸ਼ੇਰ ਨੂੰ ਲੱਤ ਮਾਰ ਕੇ ਜਗਾਇਆ ਅਤੇ ਮੋਨੂੰ ਨੂੰ ਬੋਲਿਆ – ਮੋਨੂੰ ਭੱਜ।

ਮੋਨੂੰ ਬੋਲਿਆ – ਮੈਂ ਕਿਉਂ ਭੱਜਾਂ। ਲੱਤ ਮੈਂ ਥੋੜੀ ਹੀ ਮਾਰੀ ਹੈ।

...............

ਗਾਹਕ : (ਢਾਬੇ ਵਾਲੇ ਨੂੰ) ਤੁਹਾਡੇ ਢਾਬੇ ਤੇ ਐਨੀਆਂ ਮੱਖੀਆਂ ਕਿਉਂ ਹਨ?

ਢਾਬੇ ਵਾਲਾ : ਕਿਉਂਕਿ ਇਹਨਾਂ ਨੂੰ ਗਵਾਂਢੀ ਢਾਬੇ ਦਾ ਖਾਣਾ ਪਸੰਦ ਨਹੀਂ ਹੈ?

– ਅਮਨ ਕੁਮਾਰ

ਮੋਨੂੰ ਦੀ ਮਾਂ ਦੀ ਤਬੀਅਤ ਖਰਾਬ ਹੋਈ ਉਹਨੂੰ ਹਸਪਤਾਲ ਲੈ ਕੇ ਗਏ।



ਡਾਕਟਰ ਨੇ ਕਿਹਾ –

ਦੋ 'ਟੈਸਟ' ਹੋਣਗੇ।

ਮੋਨੂੰ ਇਹ ਸੁਣ ਕੇ ਉਦਾਸ ਹੋ ਗਿਆ ਅਤੇ ਬੋਲਿਆ –

ਹੇ ਭਗਵਾਨ! ਹੁਣ ਕੀ ਹੋਏਗਾ? ਮੇਰੀ ਮਾਂ ਤਾਂ ਅਨਪੜ੍ਹ ਹੈ।

...............

- ਆ ਜਾਓ, ਕੁੱਤੇ ਤੋਂ ਡਰੋ ਨਹੀਂ!
- ਇਕ ਵਿਅਕਤੀ ਨੇ ਘਰ ਆਏ ਮਹਿਮਾਨ ਨੂੰ ਕਿਹਾ।
- ਕਿਉਂ, ਕੀ ਇਹ ਵੱਡਦਾ ਨਹੀਂ?
- ਮਹਿਮਾਨ ਨੇ ਪੁੱਛਿਆ।
- ਇਹੀ ਤਾਂ ਮੈਂ ਵੇਖਣਾ ਚਾਹੁੰਦਾ ਹਾਂ। ਮੈਂ ਇਹਨੂੰ ਅੱਜ ਹੀ ਖ਼ਰੀਦਿਆ ਹੈ।

...............

ਅੰਕਲ : ਵੇਖੋ ਮੈਂ ਨਾਲਾਇਕ ਨੂੰ ਲਾਇਕ ਨਹੀਂ ਬਣਾ ਸਕਦਾ।

ਬੰਟੀ : ਲੇਕਿਨ ਮੈਂ ਬਣਾ ਸਕਦਾ ਹਾਂ।

ਅੰਕਲ : ਉਹ ਕਿਵੇਂ?

ਬੰਟੀ : 'ਨਾ' ਹਟਾ ਕੇ।

– ਦੀਪਕ ਕੁਮਾਰ ਦੀਪ



ਨੇਤਾ ਜੀ ਭਾਸ਼ਣ ਕਰਦੇ ਹੋਏ ਬੋਲੇ –

ਅਸੀਂ ਰਾਜਨੀਤੀ ਦੇ ਮੈਦਾਨ ਵਿੱਚ ਚੰਗੇ-ਚੰਗੇ ਪਹਿਲਵਾਨਾਂ ਨੂੰ ਪਛਾੜ ਦਿੱਤਾ ਹੈ।

ਐਨੇ ਵਿੱਚ ਇਕ ਅਵਾਜ਼ ਆਈ –

ਆਪ ਕਿਉਂ ਸਰੇਆਮ ਝੂਠ ਬੋਲ ਰਹੇ ਹੋ? ਕੱਲ ਰਾਤ ਨੂੰ ਹੀ ਤਾਂ ਤੁਹਾਡੀ ਪਤਨੀ ਤੁਹਾਡੇ ਪਿੱਛੇ ਵੇਲਣਾ ਲੈ ਕੇ ਦੌੜੀ ਸੀ ਅਤੇ ਤੁਸੀਂ ਬਿਸਤਰੇ ਦੇ ਹੇਠਾਂ ਲੁਕ ਗਏ ਸੀ।

...............

ਡਾਕਟਰ : (ਮਰੀਜ ਨੂੰ) ਦੋ ਗੋਲੀਆਂ ਸਵੇਰੇ ਅਤੇ ਦੋ ਗੋਲੀਆਂ ਸ਼ਾਮ ਨੂੰ ਖਾਣੀ ਹੈ।

ਮਰੀਜ਼ : ਗੋਲੀਆਂ ਤਾਂ ਖਾ ਲਵਾਂਗਾ ਡਾਕਟਰ ਸਾਹਿਬ ਪਰ ਬੰਦੂਕ ਕਿਥੋਂ ਲਊਂਗਾ।



...............

ਸੇਠ : (ਨੌਕਰ ਨੂੰ) ਤੂੰ ਲੈਟਰ ਬਾਕਸ ਵਿੱਚ ਲੈਟਰ ਪਾ ਦਿੱਤਾ?

ਨੌਕਰ : ਨਹੀਂ ਸੇਠ ਜੀ?

ਸੇਠ : ਕਿਉਂ ਨਹੀਂ ਪਾਇਆ?

ਨੌਕਰ : ਕਿਵੇਂ ਪਾਉਂਦਾ? ਹਰ ਲੈਟਰ ਬਾਕਸ ਦੇ ਬਾਹਰ ਤਾਲਾ ਲਗਾ ਸੀ।

– ਗੁਰਬਚਨ ਆਨੰਦ

ਲੇਖ : ਡਾ: ਵਿਨੋਦ ਗੁਪਤਾ



# ਕਿਵੇਂ ਹੋਈ ਬਲੱਡਬੈਂਕ ਦੀ ਸ਼ੁਰੂਆਤ

ਬਲੱਡਬੈਂਕ ਤਾਂ ਅਕਸਰ ਵਿਸ਼ਵ ਦੇ ਸਾਰੇ ਦੇਸ਼ਾਂ ਵਿੱਚ ਹੁੰਦੇ ਹਨ। ਜਿਥੇ ਲੋਕ ਖ਼ੂਨਦਾਨ ਕਰਨ ਜਾਂਦੇ ਹਨ ਅਤੇ ਇਥੋਂ ਹੀ ਇਹ ਲੋੜਵੰਦ ਲੋਕਾਂ ਨੂੰ ਦਿੱਤਾ ਜਾਂਦਾ ਹੈ। ਕੀ ਤੁਸੀਂ ਜਾਣਦੇ ਹੋ ਕਿ ਇਸ ਦੀ ਸ਼ੁਰੂਆਤ ਕਦੋਂ ਹੋਈ?

ਬਲੱਡਬੈਂਕ ਦੇ ਜਨਮਦਾਤਾ ਡਾਕਟਰ ਕੈਪਟਨ ਆਸਵਾਲਡ ਰਾਬਟਰਸਨ ਨੂੰ ਮੰਨਿਆ ਜਾਂਦਾ ਹੈ। ਉਹ ਯੂ.ਐਸ.ਏ. ਆਰਮੀ ਵਿੱਚ ਸਨ। ਗੱਲ 1917 ਦੀ ਹੈ। ਉਹਨਾਂ ਨੇ ਖ਼ੂਨ ਨੂੰ ਖਰਾਬ ਹੋਣ ਤੋਂ ਬਚਾਉਣ ਲਈ ਸੋਡੀਅਮ ਸਾਈਟ੍ਰੇਟ ਦਾ ਉਪਯੋਗ ਕੀਤਾ। ਖ਼ੂਨ ਨੂੰ 28 ਦਿਨਾਂ ਤਕ ਅਮਰੀਕਾ ਕੈਜੁਅਲਟੀ ਕਲਿਅਰਿੰਗ ਸੈਂਟਰ ਵਿੱਚ ਅਹਿਮ ਆਪਰੇਸ਼ਨ ਲਈ ਬਰਫ ਵਿੱਚ ਸੁਰੱਖਿਅਤ ਰੱਖਿਆ ਜਾ ਸਕਦਾ ਸੀ। ਰਾਬਟਰਸਨ ਨੇ ਲਾਲ ਰਕਤ ਕੋਸ਼ਿਕਾਵਾਂ ਨੂੰ ਬਰਫ ਦੀ ਬੋਤਲ ਵਿੱਚ ਸੁਰੱਖਿਅਤ ਰੱਖਣ ਸੰਬੰਧੀ ਕਈ ਪ੍ਰਯੋਗ ਕੀਤੇ। ਬਾਦ ਵਿੱਚ ਬ੍ਰਿਟਿਸ਼ ਸਰਜਨ ਜੇਫਰੀ ਕੀਨਸ ਨੇ ਪੋਰਟਬਲ ਮਸ਼ੀਨ ਬਣਾਈ ਜਿਸ ਵਿੱਚ ਬਲੱਡ ਨੂੰ ਸੁਰੱਖਿਅਤ ਕਰਕੇ ਆਸਾਨੀ ਨਾਲ ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਲਿਜਾਇਆ ਜਾ ਸਕਦਾ ਸੀ।



ਉਂਝ ਇਸ ਤੋਂ ਪਹਿਲਾਂ ਬ੍ਰਿਟਿਸ਼ ਸੈਨਾ ਨੇ ਪਹਿਲੇ ਵਿਸ਼ਵਯੁੱਧ ਦੇ ਦੌਰਾਨ ਜ਼ਖਮੀ ਸੈਨਿਕਾਂ ਦੀ ਮਦਦ ਲਈ ਖ਼ੂਨਦਾਨ ਦੀ ਸ਼ੁਰੂਆਤ ਕੀਤੀ ਸੀ। ਖ਼ੂਨ ਸਿੱਧੇ ਇਕ ਤੋਂ ਦੂਸਰੇ ਵਿਅਕਤੀ ਵਿੱਚ ਟ੍ਰਾਂਸਫਰ ਕੀਤਾ ਜਾਂਦਾ ਸੀ।

ਸਰਕਾਰ ਨੇ ਖ਼ੂਨ ਨੂੰ ਇਕ ਬਲੱਡਬੈਂਕ ਤੋਂ ਦੂਸਰੇ ਬਲੱਡਬੈਂਕ ਤਕ ਲੈ ਜਾਣ ਦੀ ਆਗਿਆ ਦੇ ਦਿੱਤੀ ਹੈ। ਇਸ ਨੂੰ ਖ਼ੂਨ ਦੀ ਗੈਰਉਪਲਬਧਤਾ ਵਾਲੇ ਸਥਾਨਾਂ ਤੇ ਖ਼ੂਨ ਲਿਜਾਇਆ ਜਾ ਸਕੇਗਾ। ਇਹ ਕਦਮ ਨੈਸ਼ਨਲ ਬਲੱਡ ਟ੍ਰਾਂਸਫਿਊਜਨ ਕਾਊਂਸਿਲ ਦੀਆਂ ਸਿਫਾਰਸ਼ਾਂ ਦੇ ਅਨੁਸਾਰ ਹੈ। ਹੁਣ ਤਕ ਬਲੱਡ ਟ੍ਰਾਂਸਪੋਰਟੇਸ਼ਨ ਦਾ ਨਿਯਮ ਨਹੀਂ ਸੀ। ਹਾਲਾਂਕਿ ਇਸ ਦੇ ਲਈ ਕਈ ਸ਼ਰਤਾਂ ਰੱਖੀਆਂ ਗਈਆਂ ਹਨ ਤਾਂਕਿ ਇਹ ਰਾਹ ਵਿੱਚ ਖਰਾਬ ਨਾ ਹੋਵੇ। ਬਲੱਡ ਤੈਅ ਤਾਪਮਾਨ ਅਤੇ ਸਮੇਂ ਸਿਰ ਪਹੁੰਚਾਇਆ ਜਾਏਗਾ। ਕਿਸ ਬਲੱਡਬੈਂਕ ਤੋਂ ਕਿਥੋਂ ਲਈ ਬਲੱਡ ਭੇਜਿਆ ਗਿਆ ਹੈ ਉਸ ਦਾ ਪੂਰਾ ਹਿਸਾਬ ਰੱਖਿਆ ਜਾਏਗਾ।

ਦੇਸ਼ਭਰ ਦੇ ਬਲੱਡਬੈਂਕਾਂ ਨੂੰ ਆਨਲਾਇਨ ਕੀਤਾ ਜਾ ਰਿਹਾ ਹੈ। ਇਸ ਵਿੱਚ ਹਰ ਕੋਈ ਇਹ ਵੇਖ ਸਕੇਗਾ ਕਿ ਕਿਸ ਬਲੱਡਬੈਂਕ ਵਿੱਚ ਕਿਸ ਗਰੁੱਪ ਦਾ ਕਿੰਨਾ ਬਲੱਡ ਮੌਜੂਦ ਹੈ। ਜੇਕਰ ਇਕ ਬਲੱਡਬੈਂਕ ਵਿੱਚ ਕਿਸੇ ਗਰੁੱਪ ਦਾ ਬਲੱਡ ਨਹੀਂ ਮਿਲਦਾ ਤਾਂ ਦੂਸਰੇ ਬਲੱਡਬੈਂਕ ਤੋਂ ਮੰਗਾਇਆ ਜਾ ਸਕੇਗਾ। ਸਰਕਾਰੀ ਅਤੇ ਨਿੱਜੀ ਦੋਵਾਂ ਤਰ੍ਹਾਂ ਦੇ ਬਲੱਡਬੈਂਕਾਂ ਵਿੱਚ ਮੌਜੂਦ ਬਲੱਡ ਦੀ ਜਾਣਕਾਰੀ ਆਮ ਲੋਕਾਂ ਦੇ ਨਾਲ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਮਿਲ ਜਾਏਗੀ। ਇਹ ਪਤਾ ਕਰਨਾ ਵੀ ਆਸਾਨ ਹੋਏਗਾ ਕਿ ਕਿਸ ਬਲੱਡਬੈਂਕ ਵਿੱਚ ਹਰ ਦਿਨ ਕਿੰਨਾ ਬਲੱਡ ਇੱਕਠਾ ਹੋ ਰਿਹਾ ਹੈ।



❑ ਵਿਕਾਸ ਅਰੋੜਾ

# ਸਾਧਾਰਣ ਗਿਆਨ ਪ੍ਰਸ਼ਨੋਤਰੀ



(ਸਭ ਸਵਾਲਾਂ ਦੇ ਜੁਆਬ 'ਕਾ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਉ।)

1 – ਪ੍ਰਸ਼ਨ : ਰਿਸ਼ੀ ਵਿਸ਼ਵਾਮਿੱਤਰ ਦੀ ਤਪੱਸਿਆ ਭੰਗ ਕਰਨ ਵਾਲੀ ਅਪਸਰਾ ਦਾ ਕੀ ਨਾਂ ਸੀ?

2 – ਪ੍ਰਸ਼ਨ : ਭਾਰਤ ਨੇ ਕਿਸ ਦੇਸ਼ ਦੀ ਕ੍ਰਿਕਟ ਟੀਮ ਨੂੰ ਫਾਈਨਲ ਵਿਚ ਹਰਾ ਕੇ ਵਿਸ਼ਵਕੱਪ 2011 ਜਿਤਿਆ ਸੀ।?

3 – ਪ੍ਰਸ਼ਨ : ਨੀਲ ਨਦੀ ਕਿਸ ਮਹਾਦੀਪ ਵਿਚ ਵਗਦੀ ਹੈ?

4 – ਪ੍ਰਸ਼ਨ : ਧ੍ਰਿਤਰਾਸ਼ਟਰ ਦੀ ਮਾਤਾ ਦਾ ਕੀ ਨਾਂ ਸੀ?

5 – ਪ੍ਰਸ਼ਨ : 'ਪਰਲ ਹਾਰਬਰ' ਕਿਸ ਦੇਸ਼ ਦਾ ਨੌਸੈਨਿਕ ਅੱਡਾ ਹੈ?

6 – ਪ੍ਰਸ਼ਨ : ਕਿਸ ਮਹਾਦੀਪ ਨੂੰ 'ਸ਼ਵੇਤ ਮਹਾਦੀਪ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ?

7 – ਪ੍ਰਸ਼ਨ : ਮਾਰੀਚ ਦੀ ਮਾਤਾ ਜਿਸ ਦਾ ਕਤਲ ਭਗਵਾਨ ਸ਼੍ਰੀ ਰਾਮ ਨੇ ਕੀਤਾ ਸੀ, ਉਸ ਦਾ ਕੀ ਨਾਂ ਸੀ?

8 – ਪ੍ਰਸ਼ਨ : ਭਗਵਾਨ ਸ਼੍ਰੀ ਕ੍ਰਿਸ਼ਨ ਨੇ ਸਮੁੰਦਰ ਦੇ ਨੇੜੇ ਕਿਸ ਨਗਰੀ ਦੀ ਸਥਾਪਨਾ ਕੀਤੀ ਸੀ?

9 – ਪ੍ਰਸ਼ਨ : ਦੱਖਣੀ ਅਮਰੀਕਾ ਦੇ ਉੱਤਰ ਵਿਚ ਕਿਹੜਾ ਮਹਾਦੀਪ ਹੈ?

10 – ਪ੍ਰਸ਼ਨ : ਬੰਗਲਾ ਦੇਸ਼ ਦੀ ਮੁਦਰਾ ਕਿਹੜੀ ਹੈ?

11 – ਪ੍ਰਸ਼ਨ : ਜਾਂਬੀਆ ਦੇਸ਼ ਦੀ ਰਾਜਧਾਨੀ ਦਾ ਕੀ ਨਾਂ ਹੈ?

12 – ਪ੍ਰਸ਼ਨ : ਹਿਰਣਾਕਸ਼ਯਪ ਦੀ ਭੈਣ ਦਾ ਕੀ ਨਾਂ ਸੀ?

13 – ਪ੍ਰਸ਼ਨ : ਪੁਲਾੜ ਵਿਚ ਜਾਣ ਵਾਲੇ ਪਹਿਲੇ ਕੁੱਤੇ ਦਾ ਕੀ ਨਾਂ ਸੀ?

14 – ਪ੍ਰਸ਼ਨ : ਚੰਨ ਤੇ ਸਭ ਤੋਂ ਪਹਿਲਾਂ ਪਹੁੰਚਣ ਵਾਲਾ ਵਿਅਕਤੀ ਨੀਲ ਆਰਮਸਟ੍ਰਾਂਗ ਕਿਸ ਦੇਸ਼ ਦਾ ਵਾਸੀ ਸੀ?

15 – ਪ੍ਰਸ਼ਨ : ਪਰਸ਼ੁਰਾਮ ਦੀ ਮਾਤਾ ਦਾ ਕੀ ਨਾਂ ਸੀ?

16 – ਪ੍ਰਸ਼ਨ : ਰਾਵਣ ਕਿੱਥੋਂ ਦਾ ਰਾਜਾ ਸੀ?


(ਸਹੀ ਉਤੱਰ ਕਿਸੇ ਹੋਰ ਪੰਨੇ ਤੇ ਵੇਖੋ)



# ਕਿੱਟੀ

ਚਿੱਤਰਕਾਰ ਅਤੇ ਲੇਖਕ - ਅਜੈ ਕਾਲੜਾ




ਅੱਜ ਮੇਰਾ ਜਨਮ ਦਿਨ ਹੈ ਅਤੇ ਕਿਸੇ ਨੇ ਮੈਨੂੰ ਵਧਾਈ ਨਹੀਂ ਦਿੱਤੀ, ਮੰਮੀ ਵੀ ਭੁੱਲ ਗਈ ਇਸ ਵਾਰ ਮੇਰਾ ਜਨਮ ਦਿਨ?
ਕਿੱਟੀ ਝੂਠ ਨਾ ਬੋਲ, ਦੱਸ ਕੀ ਗੱਲ ਹੈ?
ਬਸ ਐਨੀ ਜਿਹੀ ਗੱਲ ਅਤੇ ਤੂੰ ਰੋ ਰਹੀ ਹੈਂ ! ਚਲ, ਹੰਝੂ ਪੂੰਝ ! ਮੰਮੀ ਘਰ ਦੇ ਕੰਮਾਂ ਵਿੱਚ ਰੁਝੀ ਹੋਏਗੀ ਇਸ ਲਈ ਭੁੱਲ ਗਈ ਹੋਏਗੀ, ਵਰਨਾ ਤਾਂ ਉਹ ਤਾਂ ਹਮੇਸ਼ਾਂ ਤੇਰਾ ਜਨਮ ਦਿਨ ਮਨਾਉਂਦੀ ਸੀ ਨਾ!
ਹਾਂ ਤੂੰ ਠੀਕ ਕਹਿ ਰਹੀ ਹੈਂ, ਅਜਿਹਾ ਹੀ ਹੋਇਆ ਹੋਏਗਾ।
ਕਿੱਟੀ ਸਕੂਲ ਦੇ ਬਾਦ ਮੈਂ ਤੇਰੇ ਨਾਲ ਤੇਰੇ ਘਰ ਚਲਾਂਗੀ ਅਤੇ ਉਥੇ ਜਾ ਕੇ ਤੇਰਾ ਜਨਮਦਿਨ ਮਨਾਵਾਂਗੇ।
ਪੱਕਾ ਮਿੰਟੀ! ਹਾਂ ਹਾਂ ਤੂੰ ਚਲਣਾ ਮੇਰੇ ਘਰ।


ਕਿੱਟੀ ਚਲ, ਸਕੂਲ ਦੀ ਛੁੱਟੀ ਹੋ ਗਈ।
ਹਾਂ ਚਲ ਮਿੰਟੀ, ਤੂੰ ਵੀ ਵੇਖ ਲਵੀਂ ਘਰ ਵਿੱਚ ਕਿਸੇ ਨੂੰ ਵੀ ਮੇਰਾ ਜਨਮ ਦਿਨ ਯਾਦ ਨਹੀਂ ਹੈ।
ਇਹ ਹੈ ਮੇਰਾ ਘਰ, ਚਲ ਅੰਦਰ ਚਲ ਮਿੰਟੀ! ਇਹ ਕੀ ਘਰ ਵਿੱਚ ਐਨਾ ਹਨ੍ਹੇਰਾ ਕਿਉਂ ਹੈ? ਤੂੰ ਰੁਕ ਮੈਂ ਵੇਖਦੀ ਹਾਂ। ਅਜਿਹਾ ਲਗ ਰਿਹਾ ਹੈ ਕਿ ਘਰ ਵਿੱਚ ਸ਼ਾਇਦ ਕੋਈ ਨਹੀਂ ਹੈ?
ਕਿੱਟੀ ਕਿਤੇ ਲਾਇਟ ਤਾਂ ਨਹੀਂ ਚਲੀ ਗਈ?
ਮਿੰਟੀ ਤੂੰ ਠੀਕ ਕਿਹਾ ਚਲ, ਲਾਇਟ ਚਾਲੂ ਕਰਕੇ ਵੇਖਦੀ ਹਾਂ। ਲਾਇਟ ਤਾਂ ਆ ਰਹੀ ਹੈ।
ਕਿੱਟੀ ਘਰ ਦੀ ਸਜਾਵਟ ਤਾਂ ਵੇਖੋ ਕਿੰਨਾ ਸੁੰਦਰ ਸੱਜਿਆ ਹੋਇਆ ਹੈ। ਕਿੰਨੇ ਸੁੰਦਰ ਰੰਗ-ਬਿਰੰਗੇ ਗੁਬਾਰੇ ਲਗੇ ਹੋਏ ਹਨ।
ਇਹ ਤਾਂ ਕੇਕ ਹੈ ਅਤੇ ਇਸ ਤੇ ਤਾਂ ਮੇਰਾ ਨਾਮ ਲਿਖਿਆ ਹੋਇਆ ਹੈ।


ਜਨਮਦਿਨ ਬਹੁਤ-ਬਹੁਤ ਮੁਬਾਰਕ ਹੋਵੇ ਕਿੱਟੀ ਬੇਟਾ! ਇਹ ਲੈ ਆਪਣੇ ਜਨਮਦਿਨ ਦਾ ਤੋਹਫਾ!
ਮੰਮੀ ਜੀ ਆਪ ! ਕੀ ਆਪ ਨੂੰ ਮੇਰਾ ਜਨਮ ਦਿਨ ਯਾਦ ਸੀ?
ਹਾਂ ਬੇਟਾ, ਮੈਂ ਕਿਵੇਂ ਭੁੱਲ ਸਕਦੀ ਹਾਂ ਕਿ ਅੱਜ ਮੇਰੀ ਰਾਣੀ ਬੇਟੀ ਦਾ ਜਨਮਦਿਨ ਹੈ।
ਕਿੱਟੀ ਰਾਣੀ ਮੰਮੀ ਬਹੁਤ ਹੀ ਚੰਗੀ ਹੁੰਦੀ ਹੈ ਉਹ ਕਦੇ ਸਾਡਾ ਜਨਮਦਿਨ ਨਹੀ ਭੁਲਦੀ। ਉਹ ਸਾਡੇ ਨਾਲ ਬਹੁਤ ਪਿਆਰ ਕਰਦੀ ਹੈ।
ਤੂੰ ਠੀਕ ਕਿਹਾ ਮਿੰਟੀ, ਮੰਮੀ ਸਚਮੁਚ ਬਹੁਤ ਚੰਗੀ ਹੁੰਦੀ ਹੈ।
ਚਲ ? ਕਿੱਟੀ ਬੇਟਾ, ਹੁਣ ਆਪਣੇ ਜਨਮਦਿਨ ਦਾ ਕੇਕ ਕਟ ਅਤੇ ਮਿੰਟੀ ਨੂੰ ਖਿਲਾ।
ਹਾਂ ਹਾਂ ਮੰਮੀ ਜੀ ਅਤੇ ਆਪ ਸਾਰਿਆਂ ਦਾ ਬਹੁਤ ਧੰਨਵਾਦ! ਮੈਂ ਆਪਣਾ ਇਹ ਜਨਮਦਿਨ ਕਦੇ ਨਹੀ ਭੁੱਲ ਸਕਾਂਗੀ।



# ਕਾਲਯਵਨ ਦਾ ਅੰਤ

ਕਹਾਣੀ : ਪੀ. ਆਰ. ਸੰਬਲ

ਮੁਚੁਕੁੰਦ ਇਸ਼ਵਾਕੁਵੰਸ਼ੀ ਮਹਾਰਾਜ ਮਾਂਧਾਤਾ ਦੇ ਪੁੱਤਰ ਸਨ। ਉਹ ਈਸ਼ਵਰ ਭਗਤ, ਪਰਮਵੀਰ ਅਤੇ ਸੱਚਾਈ ਦੀ ਰਾਹ ਤੇ ਚੱਲਣ ਵਾਲੇ ਸਨ। ਇਕ ਵਾਰ ਦੇਵਰਾਜ ਇੰਦਰ ਅਤੇ ਦਾਨਵਾਂ ਵਿੱਚ ਯੁੱਧ ਛਿੜ ਗਿਆ। ਯੁੱਧ ਵਿੱਚ ਦਾਨਵ ਦੇਵਤਾਵਾਂ ਤੇ ਭਾਰੀ ਪੈ ਰਹੇ ਸਨ ਅਤੇ ਇੰਦਰ ਹਾਰਨ ਦੀ ਦਸ਼ਾ ਵਿੱਚ ਸਨ। ਉਨ੍ਹਾਂ ਦੇ ਕੋਲ ਉਸ ਸਮੇਂ ਕੋਈ ਯੋਗ ਸੈਨਾਪਤੀ ਵੀ ਨਹੀਂ ਸੀ। ਇੰਦਰ ਦੇਵ ਮਹਾਰਾਜ ਮੁਚੁਕੁੰਦ ਦੀ ਸ਼ਰਣ ਵਿੱਚ ਗਏ ਅਤੇ ਉਨ੍ਹਾਂ ਤੋਂ ਦੇਵਤਿਆਂ ਦੀ ਰੱਖਿਆ ਦੇ ਲਈ ਨਿਵੇਦਨ ਕੀਤਾ। ਦਿਆਲੂ ਮਹਾਰਾਜ ਮੁਚੁਕੁੰਦ ਨੇ ਉਨ੍ਹਾਂ ਦੀ ਪ੍ਰਾਥਨਾ ਸਵੀਕਾਰ ਕਰ ਲਈ ਅਤੇ ਦੇਵਤਿਆਂ ਵੱਲੋਂ ਯੁੱਧ ਵਿੱਚ ਸ਼ਾਮਿਲ ਹੋ ਗਏ। ਦੇਵਤਿਆਂ ਵੱਲੋਂ ਉਨ੍ਹਾਂ ਨੇ ਘਮਾਸਾਨ ਯੁੱਧ ਕੀਤਾ ਅਤੇ ਜਿੱਤ ਕੇ ਉਨ੍ਹਾਂ ਦੀ ਰੱਖਿਆ ਕੀਤੀ।

ਬਾਅਦ ਵਿੱਚ ਦੇਵਤਿਆਂ ਵੱਲੋਂ ਭਗਵਾਨ ਸ਼ੰਕਰ ਦੇ ਵੱਡੇ ਪੁੱਤਰ ਸਵਾਮੀ ਕਾਰਤੀਕੇਅ ਨੇ ਸੈਨਾਪਤੀ ਪਦ ਸਵੀਕਾਰ ਕਰ ਲਿਆ। ਲੰਬੇ ਸਮੇਂ ਤੱਕ ਯੁੱਧ ਕਰਨ ਦੇ ਕਾਰਣ ਰਾਜਾ ਮੁਚੁਕੁੰਦ ਨੂੰ ਯੁੱਧ ਭੂਮੀ ਤੋਂ ਛੁੱਟੀ ਮਿਲ ਗਈ। ਦੇਵਰਾਜ ਇੰਦਰ ਰਾਜਾ ਮੁਚੁਕੁੰਦ ਦੇ ਰਾਹੀਂ ਯੁੱਧਭੂਮੀ ਵਿੱਚ ਦਿਖਾਏ ਗਏ ਸਾਹਸ ਨਾਲ ਖੁਸ਼ ਸਨ। ਉਨ੍ਹਾਂ ਨੇ ਰਾਜਾ ਨੂੰ ਬੜੇ ਨਿਮਰ ਭਾਵ ਨਾਲ ਕਿਹਾ- ਹੇ ਰਾਜਨ! ਅਸੀਂ ਸਭ ਤੁਹਾਡੇ ਧੰਨਵਾਦੀ ਹਾਂ । ਆਪ ਦੇ ਸਾਹਸ ਤੋਂ ਅਤਿ ਖੁਸ਼ ਹਾਂ। ਤੁਸੀਂ ਕੋਈ ਇੱਛਤ ਵਰ ਮੰਗ ਸਕਦੇ ਹੋ। ਮੋਕਸ਼ ਨੂੰ ਛੱਡ ਕੇ ਸਾਡੇ ਕੋਲ ਸਭ ਕੁਝ ਹੈ। ਮੋਕਸ਼ ਪ੍ਰਦਾਨ ਕਰਨ ਦਾ ਅਧਿਕਾਰ ਤਾਂ ਕੇਵਲ ਕ੍ਰਿਪਾਸਿੰਧੂ ਭਗਵਾਨ ਨੂੰ ਹੀ ਹੈ।

ਰਾਜਾ ਮੁਚੁਕੁੰਦ ਲਗਾਤਾਰ ਯੁੱਧ ਕਰਦੇ ਰਹਿਣ ਦੇ ਕਾਰਣ ਸ਼ਰੀਰਿਕ ਅਤੇ ਮਾਨਸਿਕ ਰੂਪ ਨਾਲ ਪੂਰੀ ਤਰ੍ਹਾਂ ਥਕੇ ਹੋਏ ਸੀ। ਬੇਚੈਨੀ ਮਹਿਸੂਸ ਕਰ ਰਹੇ ਸਨ। ਯੁੱਧਕਾਲ ਵਿੱਚ ਉਹ ਲਗਾਤਾਰ ਯੁੱਧ ਕਰਦੇ ਰਹਿਣ ਦੇ ਕਾਰਣ ਕਈ ਰਾਤਾਂ ਨੂੰ ਸੌਂ ਵੀ ਨਹੀਂ ਪਾਏ ਸਨ। ਉਹ ਇੰਦਰਦੇਵ ਨੂੰ ਬੋਲੇ- ਦੇਵਰਾਜ ! ਮੈਂ ਕੁਝ ਸਮੇਂ ਦੇ ਲਈ ਨੀਂਦ ਚਾਹੁੰਦਾ ਹਾਂ। ਗਹਿਰੀ ਅਤੇ ਆਰਾਮ ਦੀ ਨੀਂਦ। ਮੈਨੂੰ ਤੁਸੀਂ ਇਹ ਵਰ ਦੇਣ ਦੀ ਕ੍ਰਿਪਾ ਕਰੋ ਕਿ ਜੋ ਵੀ ਮੇਰੀ ਨੀਂਦ ਵਿੱਚ ਆ ਕੇ ਪਰੇਸ਼ਾਨੀ ਖੜ੍ਹੀ ਕਰੇ ਉਹ ਤਤਕਾਲ ਭਸਮ ਹੋ ਜਾਵੇ।

'ਇੰਝ ਹੀ ਹੋਵੇਗਾ' ਦੇਵਰਾਜ ਇੰਦਰ ਨੇ ਰਾਜਾ ਨੂੰ ਇੱਛਿਤ ਵਰ ਦੇ ਦਿੱਤਾ। ਵਰ ਪ੍ਰਾਪਤ ਕਰਕੇ ਰਾਜਾ ਮੁਚੁਕੁੰਦ ਇਕ ਗੁਫਾ ਵਿੱਚ ਜਾ ਕੇ ਗਹਿਰੀ ਨੀਂਦ ਵਿਚ ਸੌਂ ਗਏ।

ਉਧਰ ਭਗਵਾਨ ਸ੍ਰੀਕ੍ਰਿਸ਼ਣ ਦਾ ਵਿਰੋਧੀ ਅਤੇ ਜਰਾਸੰਧ ਦਾ ਮਿੱਤਰ ਜਿਸ ਦਾ ਨਾਂ ਕਾਲਯਵਨ ਸੀ, ਅਤਿਅੰਤ ਬਲਸ਼ਾਲੀ ਸੀ। ਉਹ ਸ੍ਰੀਕ੍ਰਿਸ਼ਣ ਨਾਲ ਆਪਣੇ ਮਿੱਤਰ ਦੀ ਮੌਤ ਦਾ ਬਦਲਾ ਲੈਣ ਦੀ ਤਾਕ ਵਿੱਚ ਸੀ। ਬਹੁਤ ਦਿਨਾਂ ਤੋਂ ਆਪਣੀ ਸੈਨਾ ਦੇ ਰਾਹੀਂ ਉਸ ਨੇ ਮਥੁਰਾ ਨੂੰ ਘੇਰ ਰੱਖਿਆ ਸੀ। ਭਗਵਾਨ ਸ੍ਰੀਕ੍ਰਿਸ਼ਣ ਯੁੱਧ ਨਹੀਂ ਕਰਨਾ ਚਾਹੁੰਦੇ ਸਨ, ਇਸ ਲਈ ਉਨ੍ਹਾਂ ਨੇ ਕਾਲਯਵਨ ਨੂੰ ਖ਼ਤਮ ਕਰਨ ਦੇ ਲਈ ਲੀਲਾ ਰਚੀ।

ਇਕ ਦਿਨ ਉਹ ਹੱਥਾਂ ਵਿੱਚ ਬਿਨਾਂ ਕੋਈ ਅਸਤਰ-ਸ਼ਸਤਰ ਲਈ ਮਥੁਰਾ ਦੇ ਮੁੱਖ ਗੇਟ ਤੋਂ ਨਿਕਲੇ। ਕਾਲਯਵਨ ਨੇ ਉਨ੍ਹਾਂ ਨੂੰ ਦੂਰ ਤੋਂ ਹੀ ਵੇਖ ਕੇ ਪਹਿਚਾਨ ਲਿਆ। ਉਹ ਭਗਵਾਨ ਸ੍ਰੀਕ੍ਰਿਸ਼ਣ ਨੂੰ ਮਾਰਣ ਦੇ ਲਈ ਉਨ੍ਹਾਂ ਵੱਲ ਭੱਜ ਪਿਆ। ਸ੍ਰੀ ਕ੍ਰਿਸ਼ਣ ਉਸ ਨੂੰ ਭੱਜਦਾ ਵੇਖ ਕੇ ਖੁਦ ਵੀ ਥੋੜੀ ਹੋਰ ਤੇਜ਼ੀ ਨਾਲ ਭੱਜਣ ਲੱਗੇ ਜਿਸ ਨਾਲ ਕਾਲਯਵਨ ਨੂੰ ਲੱਗੇ ਕਿ ਉਹ ਡਰ ਕੇ ਭੱਜ ਰਹੇ ਹਨ।

ਭੱਜਦੇ-ਭੱਜਦੇ ਸ੍ਰੀਕ੍ਰਿਸ਼ਣ ਆ ਕੇ ਉਸ ਗੁਫਾ ਵਿੱਚ ਪਹੁੰਚ ਗਏ ਜਿਥੇ ਰਾਜਾ ਮੁਚੁਕੁੰਦ ਸੁੱਤੇ ਪਏ ਸਨ। ਉਨ੍ਹਾਂ ਨੇ ਆਪਣਾ ਪੀਤਾਮਬਰ ਉਤਾਰ ਕੇ ਰਾਜਾ ਦੇ ਉਪਰ ਪਾ ਦਿੱਤਾ ਅਤੇ ਆਪ ਇਕ ਵਿਸ਼ਾਲ ਸ਼ਿਲਾ ਦੀ ਓੜ ਵਿੱਚ ਛੁਪ ਕੇ ਖੜੇ ਹੋ ਗਏ। ਕਾਲਯਵਨ ਵੀ ਪਿੱਛਾ ਕਰਦਾ ਹੋਇਆ ਗੁਫ਼ਾ ਵਿੱਚ ਆ ਗਿਆ। ਉਸ ਨੇ ਉਥੇ ਇਕ ਪੀਤਾਮਬਰਧਾਰੀ ਨੂੰ ਸੌਂਦੇ ਹੋਏ ਵੇਖਿਆ ਤਾਂ ਸੋਚਿਆ ਕੀ ਇਹ ਸ੍ਰੀਕ੍ਰਿਸ਼ਣ ਦਾ ਛਲ ਹੈ। ਉਸ ਨੇ ਛਲਣ ਦੇ ਲਈ ਆਪਣਾ ਮੂੰਹ ਢੱਕ ਲਿਆ ਹੋਵੇਗਾ ਅਤੇ ਸੌਣ ਦਾ ਨਾਟਕ ਕਰ ਰਿਹਾ ਹੋਵੇਗਾ। ਕਾਲਯਵਨ ਨੇ ਉਸ ਤੇ ਲੱਤ ਨਾਲ ਵਾਰ ਕੀਤਾ। ਲੱਤ ਦੇ ਵਾਰ ਨਾਲ ਰਾਜਾ ਮੁਚੁਕੁੰਦ ਦੀ ਨੀਂਦ ਭੰਗ ਹੋ ਗਈ। ਉਨ੍ਹਾਂ ਨੇ ਅੱਖਾਂ ਖੋਲ੍ਹੀਆਂ। ਉਨ੍ਹਾਂ ਦੀ ਦ੍ਰਿਸ਼ਟੀ ਸਿੱਧੀ ਕਾਲਯਵਨ ਤੇ ਪਈ। ਇੰਦਰਦੇਵ ਦੇ ਵਰਦਾਨ ਦੇ ਕਾਰਣ ਕਾਲਯਵਨ ਤੁਰੰਤ ਉਥੇ ਭਸਮ ਹੋ ਗਿਆ।

ਕਾਲਯਵਨ ਦੇ ਭਸਮ ਹੁੰਦੇ ਹੀ ਕ੍ਰਿਪਾਲੂ ਭਗਵਾਨ ਸ੍ਰੀਕ੍ਰਿਸ਼ਣ ਆਪਣੀ ਦੈਵੀ ਜੋਤੀ ਫੈਲਾਉਂਦੇ ਹੋਏ ਰਾਜਾ ਮੁਚੁਕੰਦ ਦੇ ਸਾਹਮਣੇ ਪ੍ਰਗਟ ਹੋਏ ਅਤੇ ਕਿਹਾ– ਰਾਜਨ! ਮੈਂ ਤੁਹਾਡੇ ਲਈ ਹੀ ਗੁਫਾ ਵਿੱਚ ਆਇਆ ਹਾਂ। ਤੁਸੀਂ ਪਹਿਲਾਂ ਮੇਰੀ ਬਹੁਤ ਆਰਾਧਨਾ ਕੀਤੀ ਹੈ। ਮੈਂ ਤੁਹਾਡੇ ਤੋਂ ਬਹੁਤ ਖੁਸ਼ ਹਾਂ।

ਰਾਜਾ ਮੁਚੁਕੁੰਦ ਭਗਵਾਨ ਦੀ ਅਨੋਖੀ ਕ੍ਰਿਪਾ ਅਤੇ ਦਰਸ਼ਨ ਪ੍ਰਾਪਤ ਕਰਕੇ ਗੱਦਗੱਦ ਹੋ ਗਏ।

ਪਿਆਰੇ ਬੱਚਿਉ ! ਕਥਾ ਦੀ ਸਾਰਥਕਤਾ ਇਹ ਦੱਸਦੀ ਹੈ ਕਿ ਦੂਜਿਆਂ ਦੀ ਸਹਾਇਤਾ ਲਈ ਕੀਤੇ ਗਏ ਕਿਸੀ ਵੀ ਕੰਮ ਦਾ ਫਲ ਸਦਾ ਸ਼ੁਭ ਹੀ ਹੁੰਦਾ ਹੈ। ਕਾਲਯਵਨ ਨਾਮਕ ਦਾਨਵ ਦੇ ਅੰਤ ਦੇ ਲਈ ਹੀ ਮੁਚੁਕੰਦ ਨੂੰ ਦਿੱਤਾ ਗਿਆ ਵਿਨਾਸ਼ਕਾਰੀ ਵਰਦਾਨ ਦਾ ਸਦਉਪਯੋਗ ਕੀਤਾ ਗਿਆ। ਬੁਰਾਈ ਦਾ ਅੰਤ ਹਰ ਤਰੀਕੇ ਨਾਲ ਹੋਣਾ ਹੀ ਚਾਹੀਦਾ ਹੈ।



ਜਗਤਾਰ 'ਚਮਨ'

# ਮਾਂ

ਈਸ਼ਵਰ ਦਾ ਵਰਦਾਨ ਹੈ ਮਾਂ।
ਹੁੰਦੀ ਮਮਤਾ ਦੀ ਖ਼ਾਨ ਹੈ ਮਾਂ।।

ਮਾਂ ਬੱਚਿਆਂ ਦੀ ਜਨਮ ਦਾਤਾ।
ਮਾਂ ਬੱਚਿਆਂ ਦੀ ਭਾਗ-ਵਿਧਾਤਾ।।

ਮਾਂ ਨਾ ਹੁੰਦੀ ਅਸੀਂ ਨਾ ਹੁੰਦੇ।
ਮਾਂ ਬਿਨਾਂ ਜੀਵਨ ਭਰ ਰੋਂਦੇ।।

ਸਭ ਮਾਂ ਦਾ ਸਨਮਾਨ ਕਰੋ।
ਕਦੇ ਵੀ ਨਾ ਅਪਮਾਨ ਕਰੋ।।

ਮਾਂ ਦੇ ਚਰਨਾਂ ਵਿੱਚ ਹੈ ਤੀਰਥ।
ਮਾਂ-ਪੂਜਾ ਨਾ ਜਾਵੇ ਵਿਅਰਥ।।

ਮਾਂ ਦੇ ਸਾਡੇ ਤੇ ਕਰਜ਼ ਹਜ਼ਾਰ।
ਕਦੇ ਨਾ ਸਕਦੇ ਅਸੀਂ ਉਤਾਰ।।

ਮਾਂ ਤੋਂ ਵੱਧ ਕੋਈ ਹੋਰ ਨਾ ਦੂਜਾ।
ਕਰਨੀ ਹੈ ਬਸ ਮਾਂ ਦੀ ਪੂਜਾ।।

ਮਾਂ ਦੇ ਚਰਨਾਂ ਵਿੱਚ ਹੈ ਜੰਨਤ।
ਪੂਰੀ ਹੁੰਦੀ ਹੈ ਹਰ ਮੰਨਤ।।

ਮਾਂ ਨਾਲ ਸਾਰੇ ਪਿਆਰ ਕਰੋ।
'ਚਮਨ' ਸਦਾ ਸਤਿਕਾਰ ਕਰੋ।।



# ਕੀ ਤੁਸੀ ਜਾਣਦੇ ਹੋ



- ਸ਼ੁਤਰਮੁਰਗ ਦੇ ਆਂਡੇ ਦਾ ਭਾਰ ਸਾਢੇ ਤਿੰਨ ਪਾਊਂਡ ਹੁੰਦਾ ਹੈ।
- ਸ਼ਤੁਰਮੁਰਗ ਦੀ ਅੱਖ ਦਾ ਆਕਾਰ ਉਸ ਦੇ ਦਿਮਾਗ ਤੋਂ ਵੀ ਵੱਡਾ ਹੁੰਦਾ ਹੈ।
- ਹਮਿੰਗ ਬਰਡ ਇੱਕਲੀ ਅਜਿਹੀ ਚਿੜੀ ਹੈ ਜੋ ਵਿਪਰੀਤ ਦਿਸ਼ਾ ਵਿੱਚ ਉਡ ਸਕਦੀ ਹੈ।
- ਉਲੂਆਂ ਦੇ ਦੰਦ ਨਹੀਂ ਹੁੰਦੇ ਹਨ।
- ਮਾਦਾ ਉਲੂੱ ਨਰ ਉਲੂੱ ਤੋਂ ਆਕਾਰ ਅਤੇ ਭਾਰ ਵਿੱਚ ਵੱਡੀ ਹੁੰਦੀ ਹੈ।
- ਬਾਜ਼ ਦੀ ਨਜ਼ਰ ਬਹੁਤ ਤੇਜ਼ ਹੁੰਦੀ ਹੈ। ਉਹ ਇਕ ਮੀਲ ਦੀ ਉਚਾਈ ਤੋਂ ਚੂਹੇ ਨੂੰ ਸਹੀ-ਸਹੀ ਵੇਖ ਸਕਦਾ ਹੈ।
- ਸਭ ਤੋਂ ਜ਼ਿਆਦਾ ਉਚਾਈ ਤੇ ਉਡੱਣ ਵਾਲਾ ਪੰਛੀ ਗਿੱਧ ਹੈ।
- ਸੰਸਾਰ ਵਿੱਚ ਸਾਰੇ ਜੀਵ ਸੂਰਜ ਵੱਲ ਵੇਖ ਸਕਦੇ ਹਨ, ਪਰ ਚੀਲ ਸੂਰਜ ਵੱਲ ਨਹੀਂ ਵੇਖ ਸਕਦੀ।
- ਚਮਗਾਦੜ ਚਲ ਨਹੀਂ ਸਕਦੇ। ਦਰਅਸਲ, ਇਹਨਾਂ ਦੇ ਪੈਰਾਂ ਦੀਆਂ ਹੱਡੀਆਂ ਐਨੀਆਂ ਪਤਲੀਆਂ ਹੁੰਦੀਆਂ ਹਨ ਕਿ ਉਹਨਾਂ ਨੂੰ ਚੱਲਣ ਵਿੱਚ ਮੁਸ਼ਕਿਲ ਹੁੰਦੀ ਹੈ।
- ਇਕ ਮੱਧੂਮੱਖੀ ਚਾਰ ਹਜ਼ਾਰ ਫੁੱਲਾਂ ਤੋਂ ਰਸ ਲੈਂਦੀ ਹੈ ਤਦ ਜਾ ਕੇ ਉਹ ਇਕ ਵੱਡਾ ਚਮਚ ਸ਼ਹਿਦ ਤਿਆਰ ਕਰਦੀ ਹੈ।
- ਮਧੂਮੱਖੀ ਦੀਆਂ ਅੱਖਾਂ ਵਿੱਚ ਵਾਲ ਹੁੰਦੇ ਹਨ।
- ਆਸਟ੍ਰੀਆ ਦੀ ਮੁਦਰਾ ਯੂਰੋ ਹੈ।
- ਬ੍ਰਾਜੀਲ ਦੀ ਗੌਰਮਿੰਟ ਭਾਸ਼ਾ ਪੁਰਤਗੀਜ ਹੈ।
- ਗਾਂਧੀ ਸਾਗਰ ਬੰਨ੍ਹ ਚੰਬਲ ਨਦੀ ਤੇ ਬਣਿਆ ਹੈ।
- ਪੁਲਾੜ ਵਿੱਚ ਪੁਲਾੜ ਯਾਤਰੀ ਡਕਾਰ ਨਹੀਂ ਲੈ ਸਕਦੇ।
- ਦਰਿਆਈ ਘੋੜੇ ਦਾ ਪਸੀਨਾ ਗੁਲਾਬੀ ਰੰਗ ਦਾ ਹੁੰਦਾ ਹੈ।
- ਸ਼ਹਿਦ ਕਦੇ ਨਾ ਖਰਾਬ ਹੋਣ ਵਾਲਾ ਭੋਜਨ ਪਦਾਰਥ ਹੈ।
- ਬਿੱਛੂ ਦੇ ਜ਼ਹਿਰ ਨਾਲ ਕਈ ਤਰ੍ਹਾਂ ਦੀਆਂ ਦਵਾਈਆਂ ਵੀ ਬਣਾਈਆਂ ਜਾਂਦੀਆਂ ਹਨ।
- ਜੁਗਨੂੰ ਜੀਵ ਦੀਆਂ ਲਗਭਗ ਦੋ ਹਜ਼ਾਰ ਜਾਤੀਆਂ ਹਨ।
- ਪੂਰੀ ਧਰਤੀ 12 ਟੈਕਟੋਨਿਕ ਪਲੇਟਾਂ ਉਤੇ ਟਿਕੀ ਹੋਈ ਹੈ।
- ਗੂਗਲ ਦਾ ਅਰਥ ਇਕ ਤੋਂ ਬਾਅਦ 100 ਜ਼ੀਰੋ ਲਾਉਣ ਵਾਲੇ ਅੰਕ ਨਾਲ ਹੈ।

ਸੰਗ੍ਰਹਿਕਰਤਾ - ਸੰਦੀਪ ਨਿਰੰਕਾਰੀ

❑ ਅਮਨਪ੍ਰੀਤ ਕਾਈਨੌਰ



# ਪਰੀ ਅਤੇ ਬੱਦਲਾਂ ਦੀ ਸੈਰ

ਬਹੁਤ ਪੁਰਾਣੀ ਗੱਲ ਹੈ। ਇਕ ਪਿੰਡ ਵਿਚ ਧੀਰਜ ਨਾਂ ਦਾ ਲੜਕਾ ਰਹਿੰਦਾ ਸੀ। ਉਸ ਦੀ ਉਮਰ ਬਹੁਤ ਘੱਟ ਸੀ। ਉਹ ਆਪਣੇ ਮਾਂ-ਬਾਪ ਦਾ ਇਕਲੌਤਾ ਪੁੱਤਰ ਸੀ। ਮਾਂ-ਬਾਪ ਬਹੁਤ ਗਰੀਬ ਸਨ। ਉਹ ਦਿਲ ਦਾ ਬਹੁਤ ਸਾਫ਼ ਸੀ। ਉਸ ਨੂੰ ਦੂਸਰਿਆਂ ਦੀ ਸਹਾਇਤਾ ਕਰਨ ਵਿੱਚ ਬਹੁਤ ਆਨੰਦ ਆਉਂਦਾ ਸੀ। ਜਦੋਂ ਕਿਸੇ ਨੂੰ ਵੀ ਸਹਾਇਤਾ ਦੀ ਜ਼ਰੂਰਤ ਹੁੰਦੀ ਤਾਂ ਉਹ ਬੇਝਿਜਕ ਮਦਦ ਕਰਦਾ ਸੀ। ਜੇਕਰ ਕਿਸੇ ਬਜ਼ੁਰਗ ਨੂੰ ਸਹਾਰੇ ਦੀ ਲੋੜ ਹੁੰਦੀ ਤਾਂ ਉਹ ਖੁਦ ਸਹਾਰਾ ਬਣ ਜਾਂਦਾ ਸੀ। ਕਿਸੇ ਪਿਆਸੇ ਨੂੰ ਪਾਣੀ ਦੀ ਜ਼ਰੂਰਤ ਹੁੰਦੀ ਤਾਂ ਪਾਣੀ ਪਿਆ ਦਿੰਦਾ। ਜੇਕਰ ਕੋਈ ਮੁਸੀਬਤ ਵਿੱਚ ਫਸ ਜਾਂਦਾ ਤਾਂ ਉਸ ਨੂੰ ਮੁਸੀਬਤ ਵਿੱਚੋਂ ਵੀ ਕੱਢਦਾ ਸੀ। ਉਹ ਸਭ ਦੀ ਮਦਦ ਕਰਨ ਵਾਲਾ ਬਣ ਗਿਆ ਸੀ। ਹਰ ਕੋਈ ਉਸ ਦੀਆਂ ਤਾਰੀਫਾਂ ਕਰਦਾ ਥੱਕਦਾ ਨਹੀਂ ਸੀ। ਸੋ ਧੀਰਜ ਸਭ ਦਾ ਹਰਮਨ ਪਿਆਰਾ ਹੋ ਗਿਆ ਸੀ। ਜਦੋਂ ਵੀ ਆਸਮਾਨ ਵਿੱਚ ਬੱਦਲ ਚੜ੍ਹ ਕੇ ਆਉਂਦਾ ਸੀ ਤਾਂ ਧੀਰਜ ਨੂੰ ਬਹੁਤ ਚੰਗਾ ਲੱਗਦਾ ਸੀ। ਉਹ ਅਸਮਾਨ ਵਲ ਵੇਖ ਕੇ ਬੱਦਲਾਂ ਦੀ ਸੈਰ ਕਰਨ ਬਾਰੇ ਸੋਚਦਾ ਕਿ ਕਾਸ਼ ! ਮੈਂ ਵੀ ਬੱਦਲਾਂ ਨੂੰ ਕੋਲ ਤੋਂ ਦੇਖਾਂ। ਉਹ ਮੀਂਹ ਦੀਆਂ ਚਾਂਦੀ ਵਰਗੀਆਂ ਬੂੰਦਾਂ ਨੂੰ ਧਰਤੀ ਤੇ ਡਿੱਗਦੀਆਂ ਦੇਖ ਬਹੁਤ ਖੁਸ਼ੀ ਮਹਿਸੂਸ ਕਰਦਾ। ਜਿਸ ਦਿਨ ਵੀ ਮੀਂਹ ਵਾਲਾ ਮੌਸਮ ਹੁੰਦਾ ਸੀ ਤਾਂ ਧੀਰਜ ਸਾਰਾ ਦਿਨ ਮੀਂਹ ਵਿੱਚ ਨਹਾਉਂਦਾ ਤੇ ਖੁਸ਼ੀ ਮਹਿਸੂਸ ਕਰਦਾ ਸੀ।

ਪਰੀ ਲੋਕ ਵਿੱਚ ਵੀ ਧੀਰਜ ਦੀਆਂ ਗੱਲਾਂ ਹੋ ਰਹੀਆਂ ਸਨ ਕਿਉਂਕਿ ਧੀਰਜ ਦਿਲ ਦਾ ਬਹੁਤ ਸਾਫ਼ ਸੀ ਤੇ ਸਭ ਦੀ ਮਦਦ ਵੀ ਕਰ ਰਿਹਾ ਸੀ। ਇਸ ਲਈ ਪਰੀਆਂ ਨੇ ਖੁਸ਼ ਹੋ ਕੇ ਉਸ ਦੀਆਂ ਇਛਾਵਾਂ ਪੂਰੀਆਂ ਕਰਨੀਆਂ ਚਾਹੀਆਂ। ਇੱਕ ਪਰੀ ਧੀਰਜ ਦੀ ਪ੍ਰੀਖਿਆ ਲੈਣ ਲਈ ਧਰਤੀ ਤੇ ਆਈ। ਉਹ ਪਰੀ ਇਕ ਖੂਬਸੂਰਤ ਤਿੱਤਲੀ ਬਣ ਗਈ। ਇਕ ਫੁੱਲਾਂ ਦੇ ਬਗ਼ੀਚੇ ਵਿੱਚ ਫੁੱਲਾਂ ਤੇ ਮੰਡਰਾਉਣ ਲੱਗੀ। ਧੀਰਜ ਵੀ ਉੱਥੇ ਹੀ ਘੁੰਮ ਰਿਹਾ ਸੀ। ਜਦੋਂ ਧੀਰਜ ਨੇ ਉਸ ਖੂਬਸੂਰਤ ਤਿੱਤਲੀ ਨੂੰ ਦੇਖਿਆ ਤਾਂ ਬਹੁਤ ਖੁਸ਼ ਹੋਇਆ। ਧੀਰਜ ਉਸ ਨੂੰ ਦੇਖਦਾ-ਦੇਖਦਾ ਉਸਦੇ ਪਿੱਛੇ ਜਾ ਰਿਹਾ ਸੀ। ਥੋੜੀ ਦੂਰ ਜਾਣ ਤੋਂ ਬਾਅਦ ਉਹ ਖੂਬਸੂਰਤ ਤਿੱਤਲੀ ਇੱਕ ਮੱਕੜੀ ਦੇ ਵੱਡੇ ਜਾਲੇ ਵਿੱਚ ਫਸ ਗਈ ਤੇ ਨਿੱਕੇ-ਨਿੱਕੇ ਪਰਾਂ ਨੂੰ ਹਿਲਾਉਣ ਲੱਗੀ। ਧੀਰਜ ਉਸ ਨੂੰ ਦੇਖ ਰਿਹਾ ਸੀ ਤੇ ਉਸ ਨੂੰ ਕਾਫੀ ਦੇਰ ਦੇਖਦਾ ਰਿਹਾ। ਧੀਰਜ ਨੂੰ ਉਸ ਖੂਬਸੂਰਤ ਤਿੱਤਲੀ ਤੇ ਦਇਆ ਆ ਗਈ। ਉਸ ਨੇ ਜਲਦੀ ਨਾਲ ਉਸ ਤਿੱਤਲੀ ਨੂੰ ਜਾਲੇ ਚੋਂ ਕੱਢਿਆ ਤੇ ਆਪਣੇ ਹੱਥ ਤੇ ਰੱਖ ਲਿਆ। ਹੱਥ ਤੇ ਰੱਖ ਕੇ ਉਹ ਉਸ ਖੂਬਸੂਰਤ ਤਿੱਤਲੀ ਨੂੰ ਦੇਖ ਰਿਹਾ ਸੀ। ਸਚਮੁੱਚ ਉਹ ਇੱਕ ਅਜੀਬ ਤੇ ਬਹੁਤ ਖੂਸਬੂਰਤ ਤਿੱਤਲੀ ਸੀ। ਕੁਝ ਹੀ ਸਮੇਂ ਬਾਅਦ ਬਹੁਤ ਤੇਜ਼ ਰੋਸ਼ਨੀ ਹੋਈ ਤੇ ਦੇਖਦੇ-ਦੇਖਦੇ ਉਹ ਖੂਬਸੂਰਤ ਤਿੱਤਲੀ ਇੱਕ ਖੂਬਸੂਰਤ ਪਰੀ ਵਿਚ ਬਦਲ ਗਈ। ਧੀਰਜ ਉਸ ਪਰੀ ਨੂੰ ਦੇਖ ਕੇ ਬਹੁਤ ਡਰ ਗਿਆ ਕਿਉਂਕਿ ਉਸ ਨੇ ਅਜਿਹਾ ਦ੍ਰਿਸ਼ ਪਹਿਲੀ ਵਾਰ ਦੇਖਿਆ ਸੀ।

ਉਹ ਖੂਸਸੂਰਤ ਪਰੀ ਧੀਰਜ ਨੂੰ ਬੋਲੀ ਕਿ ਡਰ ਨਾ, ਮੈਂ ਤੇਰੀ ਪ੍ਰੀਖਿਆ ਲੈਣ ਲਈ ਹੀ ਪਰਲੋਕ ਤੋਂ ਧਰਤੀ ਤੇ ਆਈ ਹਾਂ। ਧੀਰਜ ਨੇ ਸਹਿਮਿੰਦਿਆਂ ਪੁੱਛਿਆ ਕਿ ਮੇਰੀ ਪ੍ਰੀਖਿਆ ਲੈਣ ਲਈ ਆਏ ਹੋ? ਤਾਂ ਉਹ



ਖੂਬਸੂਰਤ ਪਰੀ ਧੀਰਜ ਨੂੰ ਬੋਲੀ ਕਿ ਤੇਰੇ ਚੰਗੇ ਕਰਮਾਂ ਕਾਰਨ ਹੀ ਮੈਂ ਧਰਤੀ ਤੇ ਆਈ ਹਾਂ। ਤੂੰ ਸਭ ਦੀ ਸਹਾਇਤਾ ਬੇਝਿਜਕ ਕਰਦਾ ਹੈ। ਤੇਰਾ ਦਿਲ ਵੀ ਬਿਲਕੁਲ ਸਾਫ਼ ਹੈ ਅਤੇ ਤੂੰ ਪ੍ਰੀਖਿਆ ਚੋਂ ਵੀ ਪਾਸ ਹੋ ਗਿਆ ਹੈ। ਮੈਂ ਤੇ ਪਰੀ ਲੋਕ ਦੀਆਂ ਸਾਰੀਆਂ ਪਰੀਆ ਤੇਰੇ ਤੋਂ ਬਹੁਤ ਖੁਸ਼ ਹਨ। ਉਸ ਖੂਸਬੂਰਤ ਪਰੀ ਨੇ ਹੱਥ ਵਿੱਚ ਇੱਕ ਜਾਦੂ ਦੀ ਛੜੀ ਪ੍ਰਗਟ ਕੀਤੀ ਤੇ ਧੀਰਜ ਨੂੰ ਦਿੰਦਿਆ ਕਿਹਾ ਕਿ ਇਹ ਛੜੀ ਜਾਦੂ ਦੀ ਹੈ। ਇਸ ਤੋਂ ਤੂੰ ਜੋ ਵੀ ਮੰਗੇਗਾ, ਇਹ ਤੇਰੀ ਇੱਛਾ ਪੂਰੀ ਕਰ ਦੇਵੇਗੀ। ਜੇ ਤੂੰ ਆਸਮਾਨ ਵਿੱਚ ਬੱਦਲਾਂ ਦੀ ਸੈਰ ਕਰਨੀ ਚਾਹੇ ਤਾਂ ਕਰ ਸਕਦਾ ਹੈ। ਜੇਕਰ ਧਨ, ਦੌਲਤ ਮੰਗੇਗਾ ਤਾਂ ਮਿਲੇਗੀ। ਤੈਨੂੰ ਸਭ ਕੁਝ ਮਿਲੇਗਾ ਪਰ ਇੱਕ ਗੱਲ ਚੇਤੇ ਰੱਖੀਂ, ਜਿਸ ਦਿਨ ਤੇਰੇ ਅੰਦਰ ਹੰਕਾਰ, ਲਾਲਚ ਆ ਗਿਆ ਤੇ ਦੂਸਰਿਆਂ ਦੀ ਸਹਾਇਤਾ ਕਰਨੀ ਬੰਦ ਕਰ ਦਿੱਤੀ ਤਾਂ ਇਹ ਜਾਦੂ ਦੀ ਛੜੀ ਮੈਂ ਵਾਪਿਸ ਲੈ ਜਾਵਾਂਗੀ। ਇਹ ਕਹਿ ਕੇ ਉਹ ਖੂਬਸੂਰਤ ਪਰੀ ਆਲੋਪ ਹੋ ਗਈ।

ਧੀਰਜ ਉਹ ਛੜੀ ਲੈ ਕੇ ਆਪਣੇ ਘਰ ਪਹੁੰਚਿਆ ਅਤੇ ਆਪਣੇ ਮਾਤਾ-ਪਿਤਾ ਨੂੰ ਇਸ ਛੜੀ ਬਾਰੇ ਸਭ ਕੁਝ ਦੱਸਿਆ ਕਿ ਕਿਸ ਤਰ੍ਹਾਂ ਇੱਕ ਪਰੀ ਨੇ ਇਹ ਛੜੀ ਮੈਨੂੰ ਖੁਸ਼ ਹੋ ਕੇ ਦਿੱਤੀ। ਉਸ ਨੇ ਕਿਹਾ ਕਿ ਇਹ ਜਾਦੂ ਦੀ ਛੜੀ ਹੈ ਜੋ ਹਰ ਇੱਛਾ ਪੂਰੀ ਕਰ ਸਕਦੀ ਹੈ। ਉਸ ਦੇ ਮਾਤਾ-ਪਿਤਾ ਆਪਣੇ ਬੱਚੇ ਦੇ ਭੋਲੇਪਣ ਨੂੰ ਦੇਖ ਬਹੁਤ ਹੱਸੇ ਤੇ ਕਿਹਾ ਕਿ ਇਸ ਨੂੰ ਤੂੰ ਸੰਭਾਲ ਕੇ ਰੱਖ ਲੈ। ਉਹਨਾਂ ਨੇ ਉਸ ਤੇ ਯਕੀਨ ਨਾ ਕੀਤਾ। ਧੀਰਜ ਨੇ ਉਹ ਛੜੀ ਇੱਕ ਕੱਪੜੇ ਵਿੱਚ ਲਪੇਟ ਕੇ ਇੱਕ ਸੰਦੂਕ ਵਿੱਚ ਰੱਖ ਦਿੱਤੀ। ਕਈ ਦਿਨ ਲੰਘੇ। ਇੱਕ ਦਿਨ ਆਸਮਾਨ ਵਿੱਚ ਕਾਲੇ ਬੱਦਲ ਛਾ ਗਏ ਤੇ ਧੀਰਜ ਖੁਸ਼ੀ ਨਾਲ ਝੂੰਮ ਉਠਿਆ। ਉਹ ਆਸਮਾਨ ਵੱਲ ਦੇਖ ਰਿਹਾ ਸੀ। ਠੰਡੀ-ਠੰਡੀ ਹਵਾ ਚੱਲ ਰਹੀ ਸੀ ਤੇ ਮੀਂਹ ਵੀ ਪੈਣ ਲੱਗਾ ਸੀ। ਉਦੋਂ ਹੀ ਧੀਰਜ ਨੂੰ ਯਾਦ ਆਇਆ ਕਿ ਇਕ ਪਰੀ ਮੈਨੂੰ ਇੱਕ ਜਾਦੂ ਦੀ ਛੜੀ ਦੇ ਗਈ ਸੀ ਕਿਉਂ ਨਾ ਅੱਜ ਉਸ ਨੂੰ ਕਿਹਾ ਜਾਵੇ ਕਿ ਮੈਨੂੰ ਬੱਦਲਾਂ ਦੀ ਸੈਰ ਕਰਵਾ ਦੇ।

ਇਹ ਸੋਚ ਕੇ ਧੀਰਜ ਨੇ ਉਹ ਜਾਦੂ ਦੀ ਛੜੀ ਸੰਦੂਕ ਵਿੱਚੋਂ ਕੱਢੀ ਤੇ ਕਿਹਾ ਕਿ ਮੈਂ ਆਸਮਾਨ ਵਿੱਚ ਬੱਦਲਾਂ ਦੀ ਸੈਰ ਕਰਨਾ ਚਾਹੁੰਦਾ ਹਾਂ। ਇਹ ਕਹਿੰਦਿਆਂ ਸਾਰ ਹੀ ਧੀਰਜ ਦੀ ਪਿੱਠ ਤੇ ਵੱਡੇ-ਵੱਡੇ ਖੰਭ ਆ ਗਏ ਤੇ ਉਹ ਬਹੁਤ ਖੁਸ਼ ਹੋਇਆ ਤੇ ਜਲਦੀ ਨਾਲ ਘਰ ਤੋਂ ਬਾਹਰ ਨਿਕਲ ਕੇ ਆਸਮਾਨ ਵਿੱਚ ਬੱਦਲਾਂ ਦੀ ਸੈਰ ਕਰਨ ਲੱਗਾ। ਉਸ ਨੂੰ ਯਕੀਨ ਨਹੀਂ ਹੋ ਰਿਹਾ ਸੀ ਕਿ ਉਹ ਆਸਮਾਨ ਵਿੱਚ ਉਡ ਰਿਹਾ ਹੈ। ਉਹ ਪੂਰਾ ਆਨੰਦ ਲੈਣ ਤੋਂ ਬਾਅਦ ਆਪਣੇ ਘਰ ਆਇਆ। ਉਸ ਦੇ ਮਾਤਾ-ਪਿਤਾ ਧੀਰਜ ਨੂੰ ਦੇਖ ਕੇ ਬਹੁਤ ਹੈਰਾਨ ਹੋਏ ਕਿਉਂਕਿ ਉਸ ਦੇ ਵੱਡੇ-ਵੱਡੇ ਖੰਭ ਲੱਗੇ ਹੋਏ ਸਨ। ਧੀਰਜ ਨੇ ਆਪਦੇ ਮਾਤਾ-ਪਿਤਾ ਨੂੰ ਦੱਸਿਆ ਕਿ ਉਹ ਬੱਦਲਾਂ ਦੀ ਸੈਰ ਕਰਕੇ ਆਇਆ ਹੈ। ਇਸ ਜਾਦੂ ਦੀ ਛੜੀ ਨੇ ਮੇਰੀ ਇੱਛਾ ਪੂਰੀ ਕੀਤੀ ਹੈ।

ਫਿਰ ਧੀਰਜ ਨੇ ਉਸ ਜਾਦੂ ਦੀ ਛੜੀ ਤੋਂ ਖਾਣ ਲਈ ਮਠਿਆਈ ਦੀ ਇੱਛਾ ਪ੍ਰਗਟ ਕੀਤੀ ਤਾਂ ਬਹੁਤ ਸਾਰੀ ਮਠਿਆਈ ਹਾਜ਼ਰ ਹੋ ਗਈ। ਧੀਰਜ ਦੇ ਮਾਤਾ-ਪਿਤਾ ਨੂੰ ਹੁਣ ਪੂਰਾ ਯਕੀਨ ਹੋ ਗਿਆ ਸੀ ਕਿ ਇਹ ਛੜੀ ਜਾਦੂ ਦੀ ਹੈ। ਧੀਰਜ ਹੁਣ ਹੋਰ ਜ਼ਿਆਦਾ ਸਭ ਦੀ ਮਦਦ ਕਰਨ ਲੱਗਾ ਸੀ। ਉਸ ਦੀ ਗ਼ਰੀਬੀ ਵੀ ਖਤਮ ਹੋ ਗਈ ਸੀ ਪਰ ਧੀਰਜ ਨੇ ਨਾ ਕਦੇ ਲਾਲਚ ਕੀਤਾ ਨਾ ਕਦੇ ਹੰਕਾਰ, ਬਸ ਦੂਸਰਿਆਂ ਦੀ ਮਦਦ ਹੀ ਉਸ ਦਾ ਕਰਮ ਸੀ। ਦਿਨ ਬੀਤਦੇ ਜਾ ਰਹੇ ਸੀ। ਧੀਰਜ ਦੇ ਪਿੰਡ ਵਿੱਚ ਹੀ ਇੱਕ ਲਾਲਚੀ ਸੇਠ ਵੀ ਰਹਿੰਦਾ ਸੀ। ਜਦੋਂ ਉਸ ਨੂੰ ਪਤਾ ਲੱਗਿਆ ਕਿ ਉਹ ਗਰੀਬ ਤੋਂ ਅਮੀਰ ਹੋ ਗਏ ਹਨ ਤਾਂ ਚੋਰੀ ਛਿਪੇ ਉਸ ਨੇ ਇਸ ਗੱਲ ਦਾ ਪਤਾ ਲਗਾਇਆ। ਉਸ ਨੂੰ ਪਤਾ ਲੱਗ ਗਿਆ ਸੀ ਕਿ ਧੀਰਜ ਕੋਲ ਇੱਕ ਜਾਦੂ ਦੀ ਛੜੀ ਹੈ ਜਿਸ ਕਾਰਨ ਇਹ ਗਰੀਬ ਤੋਂ ਅਮੀਰ ਹੋ ਗਏ। ਉਹ ਸੇਠ ਜਾਦੂ ਦੀ ਛੜੀ ਪਾਉਣ ਲਈ ਪਾਗਲ ਹੋ ਗਿਆ ਸੀ। ਉਸ ਸੇਠ ਨੇ ਛੱਲ ਕਪਟ ਨਾਲ ਉਹ ਜਾਦੂ ਦੀ ਛੜੀ ਉਸ ਤੋਂ ਪ੍ਰਾਪਤ ਕਰ ਲਈ। ਧੀਰਜ ਤੇ ਉਸ ਦੇ ਮਾਤਾ-ਪਿਤਾ ਛੜੀ ਦੇ ਹੱਥੋਂ ਜਾਣ ਤੇ ਬਹੁਤ ਦੁੱਖੀ ਹੋਏ ਪਰ ਉਹ ਹੁਣ ਕਰ ਵੀ ਕੀ ਸਕਦੇ ਸੀ।

ਸੇਠ ਬਹੁਤ ਖੁਸ਼ ਸੀ ਕਿਉਂਕਿ ਉਸਨੂੰ ਜਾਦੂ ਦੀ ਛੜੀ ਮਿਲ ਗਈ ਸੀ। ਉਸ ਨੇ ਉਸ ਛੜੀ ਤੋਂ ਸਭ ਤੋਂ ਪਹਿਲਾਂ ਦਸ ਸੋਨੇ ਦੇ ਵੱਡੇ ਸੰਦੂਕ ਮੰਗੇ, ਤਾਂ ਕੁਝ ਪਲ 'ਚ ਹੀ ਸੋਨੇ ਨਾਲ ਭਰੇ ਸੰਦੂਕ ਹਾਜ਼ਿਰ ਹੋ ਗਏ ਜਿਸ ਨਾਲ ਸੇਠ ਦਾ ਦਿਮਾਗ ਬਿਲਕੁਲ ਹਿਲ ਗਿਆ। ਫਿਰ ਲਾਲਚ ਨਾਲ ਉਸ ਨੇ ਛੜੀ ਨੂੰ ਆਪਣੇ ਘਰ ਨੂੰ ਸੋਨੇ ਦਾ ਬਣਾਉਣ ਲਈ ਕਿਹਾ। ਦੇਖਦੇ ਦੇਖਦੇ ਘਰ ਸੋਨੇ ਦਾ ਬਣ ਗਿਆ। ਸੇਠ ਵਿੱਚ ਲਾਲਚ ਤੇ ਹੰਕਾਰ ਬਹੁਤ ਵਧ ਗਿਆ ਸੀ। ਉਹ ਦੁਨੀਆ ਵਿੱਚ ਆਪਣੇ ਆਪ ਨੂੰ ਸਭ ਤੋਂ ਸ੍ਰੇਸ਼ਟ ਸਮਝਣ ਲੱਗਾ ਸੀ। ਸੇਠ ਦੂਸਰਿਆਂ ਦੀ ਮਦਦ ਤਾਂ ਨਹੀਂ ਕਰਦਾ ਸੀ ਪਰ ਲੋਕਾਂ ਤੇ ਜ਼ੁਲਮ ਜ਼ਰੂਰ ਢਾਹੁਣ ਲੱਗਾ ਸੀ। ਸੇਠ ਦਾ ਲਾਲਚ, ਹੰਕਾਰ ਤੇ ਜ਼ੁਲਮ ਦੇਖ ਕੇ ਪਰੀ ਲੋਕ ਵਿੱਚੋਂ ਉਸ ਪਰੀ ਨੂੰ ਧਰਤੀ ਤੇ ਆਉਣਾ ਪਿਆ। ਉਹ ਪਰੀ ਸੇਠ ਕੋਲ ਪ੍ਰਗਟ ਹੋਈ ਤੇ ਬੋਲੀ ਹੇ ! ਲਾਲਚੀ, ਹੰਕਾਰੀ ਤੇ ਜ਼ੁਲਮੀ ਸੇਠ ਤੂੰ ਕਪਟ ਨਾਲ ਇਹ ਛੜੀ ਪ੍ਰਾਪਤ ਕੀਤੀ ਹੈ। ਉਹ ਧੀਰਜ ਕਿੰਨਾ ਚੰਗਾ ਸੀ ਜੋ ਸਭ ਦੀ ਮਦਦ ਕਰਦਾ ਸੀ। ਤੂੰ ਤਾਂ ਜ਼ੁਲਮ ਕਰ ਰਿਹਾ ਹੈ। ਇਹ ਜਾਦੂ ਦੀ ਛੜੀ ਵੀ ਤੇਰੇ ਕੋਲ ਨਹੀਂ ਰਹੇਗੀ ਤੇ ਤੇਰੇ ਕੋਲ ਜੋ ਕੁਝ ਵੀ ਹੈ ਉਹ ਵੀ ਨਹੀਂ ਰਹੇਗਾ। ਸੇਠ ਤਾਂ ਪਾਗਲ ਹੋ ਗਿਆ ਸੀ। ਜਦੋਂ ਉਸਨੇ ਪਰੀ ਦੀ ਇਹ ਗੱਲ ਸੁਣੀ ਤਾਂ ਉਸ ਨੇ ਉਸ ਜਾਦੂ ਦੀ ਛੜੀ ਨੂੰ ਕਿਹਾ ਕਿ ਇਸ ਪਰੀ ਨੂੰ ਇੱਕ ਪਿੰਜਰੇ ਵਿੱਚ ਬੰਦ ਕਰ ਦੇ। ਪਰੀ ਪਿੰਜਰੇ ਵਿੱਚ ਬੰਦ ਹੋ ਗਈ। ਉਹ ਪਰੀ ਸੇਠ ਦੀ ਬੁੱਧੀ ਤੇ ਹੱਸਣ ਲੱਗੀ ਤੇ ਬੋਲੀ ਕਿ ਇਹ ਜਾਦੂ ਦੀ ਛੜੀ ਮੈਂ ਹੀ ਧੀਰਜ ਨੂੰ ਉਸ ਦੇ ਚੰਗੇ ਕਰਮਾਂ ਕਾਰਨ ਦਿੱਤੀ ਸੀ। ਪਰੀ ਨੇ ਉਦੋਂ ਹੀ ਇੱਕ ਸ਼ਕਤੀ ਨਾਲ ਉਸ ਸੇਠ ਤੋਂ ਉਹ ਛੜੀ ਖੋਹ ਲਈ ਤੇ ਪਿੰਜਰੇ ਚੋਂ ਆਲੋਪ ਹੋ ਗਈ। ਸੇਠ ਦਾ ਸਭ ਕੁਝ ਉਸ ਦੇ ਹੱਥੋਂ ਚਲਾ ਗਿਆ ਸੀ। ਉਹ ਬਿਲਕੁਲ ਕੰਗਾਲ ਹੋ ਗਿਆ ਸੀ।

ਫਿਰ ਉਹ ਪਰੀ ਧੀਰਜ ਤੇ ਉਸਦੇ ਮਾਤਾ-ਪਿਤਾ ਕੋਲ ਪ੍ਰਗਟ ਹੋਈ। ਧੀਰਜ ਪਰੀ ਨੂੰ ਦੇਖ ਕੇ ਬਹੁਤ ਖੁਸ਼ ਹੋਇਆ। ਪਰੀ ਧੀਰਜ ਦੇ ਸਿਰ ਤੇ ਹੱਥ ਰੱਖ ਕੇ ਬੋਲੀ ਕਿ ਧੀਰਜ ਦੁੱਖੀ ਨਾ ਹੋ। ਮੈਂ ਉਹ ਛੜੀ ਉਸ ਕਪਟੀ ਸੇਠ ਤੋਂ ਲੈ ਲਈ ਹੈ। ਤੈਨੂੰ ਹੁਣ ਇਸ ਛੜੀ ਦੀ ਵੀ ਲੋੜ ਨਹੀਂ ਹੈ। ਮੈਂ ਤੈਨੂੰ ਵਰਦਾਨ ਦਿੰਦੀ ਹਾਂ ਕਿ ਤੂੰ ਜਿਸ ਦੀ ਵੀ ਸਹਾਇਤਾ ਕਰੇਂਗਾ। ਉਹ ਸੁੱਖੀ ਤੇ ਖੁਸ਼ਹਾਲ ਹੋ ਜਾਵੇਗਾ। ਇਹ ਕਹਿ ਕੇ ਪਰੀ ਉਥੋਂ ਆਲੋਪ ਹੋ ਗਈ।

ਆਨੰਦ ਸਿੰਘ

# ਕ੍ਰੋਧ ਦੇ ਘਾਤਕ ਨਤੀਜੇ


ਇਕ ਸਾਧੂ ਭਿਖਿਆ ਵਿੱਚ ਮਿਲੇ ਅੰਨ ਨਾਲ ਆਪਣਾ ਪੇਟ ਭਰ ਕੇ ਸਦਾ ਪ੍ਰਭੂ-ਭਜਨ ਵਿੱਚ ਲੀਨ ਰਹਿੰਦੇ। ਇਕ ਦਿਨ ਉਹ ਪਿੰਡ ਦੇ ਧਨੀ ਸੇਠ ਦੇ ਘਰ ਭਿਖਿਆ ਮੰਗਣ ਪਹੁੰਚੇ। ਸੇਠ ਨੇ ਸਾਧੂ ਨੂੰ ਭਿਖਿਆ ਦਿੱਤੀ ਅਤੇ ਬੋਲਿਆ- ਮਹਾਤਮਾ ਜੀ ਮੈਂ ਇਕ ਪ੍ਰਸ਼ਨ ਪੁੱਛਣਾ ਚਾਹੁੰਦਾ ਹਾਂ।

ਸਾਧੂ ਨੇ ਕਿਹਾ -ਪੁੱਛੋ।

ਸੇਠ ਨੇ ਕਿਹਾ - ਲੋਕ ਲੜਾਈ-ਝਗੜਾ ਕਿਉਂ ਕਰਦੇ ਹਨ?

ਸਾਧੂ ਕੁਝ ਦੇਰ ਚੁੱਪ ਰਹੇ ਅਤੇ ਫਿਰ ਬੋਲੇ - ਮੈਂ ਇਥੇ ਭਿਖਿਆ ਲੈਣ ਆਇਆ ਹਾਂ। ਤੇਰੇ ਮੂਰਖਤਾ ਵਾਲੇ ਪ੍ਰਸ਼ਨਾਂ ਦੇ ਉੱਤਰ ਦੇਣ ਨਹੀਂ। ਸੁਣਦੇ ਹੀ ਧਨੀ ਸੇਠ ਕ੍ਰੋਧਿਤ ਹੋ ਗਿਆ। ਖੁਦ ਤੇ ਕਾਬੂ ਨਾ ਰੱਖ ਸਕਿਆ ਅਤੇ ਕ੍ਰੋਧ ਵਿੱਚ ਸਾਧੂ ਨੂੰ ਖੂਬ ਖਰੀ-ਖੋਟੀ ਸੁਣਾਉਂਦਾ ਰਿਹਾ। ਸਾਧੂ ਚੁਪ-ਚਾਪ ਸੁਣਦੇ ਰਹੇ। ਉਹਨਾਂ ਨੇ ਕੋਈ ਉੱਤਰ ਨਹੀਂ ਦਿੱਤਾ।


ਧਨੀ ਸੇਠ ਦਾ ਕ੍ਰੋਧ ਸ਼ਾਂਤ ਹੋਣ ਤੇ ਸਾਧੂ ਨੇ ਉਹਨੂੰ ਸਮਝਾਉਂਦੇ ਹੋਏ ਕਿਹਾ - ਭਾਈ, ਜਿਉਂ ਹੀ ਮੈਂ ਤੈਨੂੰ ਤੇਰੀ ਪਸੰਦ ਦੇ ਉਲਟ ਗੱਲ ਬੋਲੀ, ਤੈਨੂੰ ਕ੍ਰੋਧ ਆ ਗਿਆ ਅਤੇ ਮੇਰੇ ਤੇ ਚਿਲਾਉਣ ਲੱਗਾ। ਅਗਰ ਮੈਂ ਵੀ ਕ੍ਰੋਧਿਤ ਹੋ ਜਾਂਦਾ ਤਾਂ ਸਾਡੇ ਵਿਚਕਾਰ ਝਗੜਾ ਸੰਭਵ ਸੀ। ਇਹੀ ਲੜਾਈ-ਝਗੜਿਆਂ ਦਾ ਪ੍ਰਮੁੱਖ ਕਾਰਣ ਹੈ।



ਕ੍ਰੋਧ ਹੀ ਸਾਰੇ ਝਗੜਿਆਂ ਦਾ ਮੂਲ ਕਾਰਣ ਹੈ ਅਤੇ ਸ਼ਾਂਤੀ ਹਰ ਝਗੜੇ ਦੇ ਖਤਮ ਦਾ ਉਪਾਅ ਹੈ। ਅਗਰ ਅਸੀਂ ਜੀਵਨ ਵਿੱਚ ਸੁੱਖ-ਸ਼ਾਂਤੀ ਚਾਹੁੰਦੇ ਹਾਂ ਤਾਂ ਕ੍ਰੋਧ ਨੂੰ ਕਾਬੂ ਕਰਨਾ ਪਏਗਾ। ਇਸ ਦੇ ਲਈ ਹਰ ਰੋਜ਼ ਪ੍ਰਭੂ-ਪ੍ਰਮਾਤਮਾ ਦਾ ਸਿਮਰਨ ਕਰੀਏ।

ਹੁਣ ਜੋ ਗੱਲ ਅਸੀਂ ਕਰਨ ਜਾ ਰਹੇ ਹਾਂ ਉਹ ਹੈ ਤਾਂ ਕਠਿਨ ਪ੍ਰੰਤੂ ਅਸੰਭਵ ਨਹੀਂ। ਸਾਨੂੰ ਘਰ-ਪਰਿਵਾਰ, ਦਫ਼ਤਰ ਵਿੱਚ ਸਦਾ ਸ਼ਾਂਤ ਰਹਿਣਾ ਚਾਹੀਦਾ ਹੈ। ਅਗਰ ਦੂਸਰਾ ਕੋਈ ਕ੍ਰੋਧ ਕਰੇ ਤਾਂ ਵੀ ਅਸੀਂ ਉੱਤਰ ਸ਼ਾਂਤੀ ਨਾਲ ਹੀ ਦਈਏ। ਜਿਵੇਂ ਹੀ ਅਸੀਂ ਸ਼ਾਂਤੀ ਦਾ ਪੱਲਾ ਛੱਡਿਆ ਅਤੇ ਕ੍ਰੋਧ ਕੀਤਾ ਤਾਂ ਛੋਟੀ ਜਿਹੀ ਗੱਲ ਵੀ ਬੜੀ ਹਾਨੀਕਾਰਕ ਬਣ ਜਾਂਦੀ ਹੈ।

❑ ਪਰਸ਼ੁਰਾਮ ਸ਼ੁਕਲ



# ਹਥੌੜਾ ਸਿਰ ਸ਼ਾਰਕ
## (Hammer Head Shark)

'ਹਥੌੜਾ ਸਿਰ ਸ਼ਾਰਕ' ਨੂੰ ਅੰਗ੍ਰੇਜ਼ੀ ਵਿੱਚ 'ਹੈਮਰਹੇਡ ਸ਼ਾਰਕ' ਕਹਿੰਦੇ ਹਨ। ਇਸ ਦੇ ਸਿਰ ਦੇ ਅਗੇ ਦਾ ਹਿੱਸਾ ਹਥੌੜੇ ਦੇ ਆਕਾਰ ਦਾ ਹੁੰਦਾ ਹੈ ਇਸ ਲਈ ਇਸ ਨੂੰ ਇਹ ਨਾਮ ਦਿੱਤਾ ਗਿਆ ਹੈ। ਤੇਜ਼ੀ ਨਾਲ ਤੈਰਦੀ ਹੋਈ ਹਥੌੜਾ ਸਿਰ ਸ਼ਾਰਕ ਨੂੰ ਇਸ ਦਾ ਹਥੌੜੇ ਵਰਗਾ ਹਿੱਸਾ ਮੁੜਨ ਵਿੱਚ ਵਿਸ਼ੇਸ਼ ਰੂਪ ਨਾਲ ਸਹਾਇਤਾ ਕਰਦਾ ਹੈ।

ਹਥੌੜਾ ਸਿਰ ਸ਼ਾਰਕ ਇਕ ਖਤਰਨਾਕ ਸਮੁੰਦਰੀ ਮੱਛੀ ਹੈ। ਇਹ ਗਰਮ ਜਲਵਾਯੂ ਵਾਲੇ ਸਾਗਰਾਂ ਅਤੇ ਮਹਾਂਸਾਗਰਾਂ ਵਿੱਚ ਮਿਲਦੀ ਹੈ।

ਹਥੌੜਾ ਸਿਰ ਸ਼ਾਰਕ ਡੂੰਘੇ ਪਾਣੀ ਵਿੱਚ ਰਹਿਣ ਵਾਲੀ ਇਕ ਤੇਜ਼ ਤੈਰਾਕ ਮੱਛੀ ਹੈ। ਕਦੇ-ਕਦੇ ਇਸ ਨੂੰ ਸਤਹ ਦੇ ਕੋਲ ਵੀ ਤੈਰਦੇ ਹੋਏ ਵੇਖਿਆ ਜਾ ਸਕਦਾ ਹੈ। ਇਹ ਪਾਣੀ ਦੀ ਸਤਹ ਤੇ ਆਪਣੀ ਪਿੱਠ ਦੇ ਮੀਨਖੰਭ ਅਤੇ ਪੂਛ ਦੀ ਸਹਾਇਤਾ ਨਾਲ ਤੈਰਦੀ ਹੈ। ਇਸ ਸਮੇਂ ਇਸ ਦੀ ਪੂਛ ਦੇ ਮੀਨਖੰਭ ਦਾ ਉਪਰੀ ਹਿੱਸਾ ਪਾਣੀ ਦੇ ਬਾਹਰ ਨਿਕਲਿਆ ਰਹਿੰਦਾ ਹੈ। ਹਥੌੜਾ ਸਿਰ ਸ਼ਾਰਕ ਦੀ ਛਾਤੀ ਦੇ ਮੀਨਖੰਭ ਬਹੁਤ ਛੋਟੇ ਹੁੰਦੇ ਹਨ। ਇਸ ਲਈ ਇਹ ਆਪਣੇ ਸਿਰ ਦੇ ਵਧੇ ਹੋਏ ਹਿੱਸੇ ਦੀ ਸਹਾਇਤਾ ਨਾਲ ਸਰੀਰਕ ਸੰਤੁਲਨ ਬਣਾਈ ਰੱਖਣ ਦਾ ਕੰਮ ਕਰਦੀ ਹੈ।

ਹਥੌੜਾ ਸਿਰ ਸ਼ਾਰਕ ਇੱਕਲੀ ਰਹਿਣਾ ਜ਼ਿਆਦਾ ਪਸੰਦ ਕਰਦੀ ਹੈ ਪਰ ਕਦੇ-ਕਦੇ ਇਸ ਦੇ ਛੋਟੇ-ਛੋਟੇ ਝੁੰਡ ਵੀ ਵੇਖਣ ਨੂੰ ਮਿਲ ਜਾਂਦੇ ਹਨ। ਇਸ ਦੇ ਝੁੰਡ ਵਿੱਚ ਮੈਂਬਰਾਂ ਦੀ ਗਿਣਤੀ ਅਕਸਰ 6 ਤੋਂ ਜ਼ਿਆਦਾ ਨਹੀਂ ਹੁੰਦੀ। ਛੋਟੀ ਹਥੌੜਾ ਸਿਰ ਸ਼ਾਰਕ ਕਦੇ ਇੱਕਲੀ ਨਹੀਂ ਰਹਿੰਦੀ। 60 ਸੈਂਟੀਮੀਟਰ ਤੋਂ ਲੈ ਕੇ 90 ਸੈਂਟੀਮੀਟਰ ਤਕ ਦੀ ਬੋਨੇਟ ਹਥੌੜਾ ਸਿਰ ਸ਼ਾਰਕ ਬਹੁਤ ਵੱਡੇ ਝੁੰਡੇ ਬਣਾਉਂਦੀ ਹੈ। ਇਹਨਾਂ ਦੇ ਝੁੰਡ ਵਿੱਚ ਮੈਂਬਰਾਂ ਦੀ ਗਿਣਤੀ 700 ਤਕ ਹੋ ਸਕਦੀ ਹੈ।

ਹਥੌੜਾ ਸਿਰ ਸ਼ਾਰਕ ਦੀਆਂ 5 ਜਾਤੀਆਂ ਹਨ। ਸਾਰੀਆਂ ਜਾਤੀਆਂ ਦੀਆਂ ਅੱਖਾਂ ਦੀ ਸਥਿਤੀ ਵਿੱਚ ਕਾਫੀ ਭਿੰਨਤਾ ਹੁੰਦੀ ਹੈ। ਹਥੌੜਾ ਸਿਰ ਸ਼ਾਰਕ ਦੇ ਸਿਰ ਦੀ ਬਨਾਵਟ ਵੀ ਸਾਰੀਆਂ ਜਾਤੀਆਂ ਵਿੱਚ ਇਕੋ ਜਿਹੀ ਨਹੀਂ ਹੁੰਦੀ। ਇਸ ਦੀਆਂ ਕੁਝ ਜਾਤੀਆਂ ਵਿੱਚ ਸਿਰ ਦੇ ਅਗੇ ਦਾ ਹਿੱਸਾ ਗੋਲ ਹੁੰਦਾ ਹੈ ਅਤੇ ਕੁਝ ਜਾਤੀਆਂ ਵਿੱਚ ਇਹ ਸਿੱਧਾ ਹੁੰਦਾ ਹੈ। ਇਸ ਦੀਆਂ ਕੁਝ ਜਾਤੀਆਂ ਅਜਿਹੀਆਂ ਵੀ ਹੁੰਦੀਆਂ ਹਨ ਜਿਹਨਾਂ ਦੇ ਸਿਰ ਦੇ ਅਗੇ ਦਾ ਹਿੱਸਾ ਤਿਰਸ਼ਾ ਹੁੰਦਾ ਹੈ।


ਹਥੌੜਾ ਸਿਰ ਸ਼ਾਰਕ ਦੀ ਸਰੀਰਕ ਬਨਾਵਟ ਬਾਕੀ ਸ਼ਾਰਕ ਮੱਛੀਆਂ ਵਾਂਗ ਹੁੰਦੀ ਹੈ ਪਰ ਇਸ ਦੇ ਸਿਰ ਦੀ ਬਨਾਵਟ ਬੜੀ ਵਚਿੱਤਰ ਹੁੰਦੀ ਹੈ। ਇਸ ਦੇ ਸਿਰ ਦੇ

ਸੱਜੇ ਅਤੇ ਖੱਬੇ ਦੋਵੇਂ ਸਿਰੇ ਇਸ ਤਰ੍ਹਾਂ ਬਾਹਰ ਨਿਕਲੇ ਹੁੰਦੇ ਹਨ ਕਿ ਇਸ ਦੇ ਸਿਰ ਦਾ ਆਕਾਰ ਹਥੌੜੇ ਵਰਗਾ ਹੋ ਜਾਂਦਾ ਹੈ। ਹਥੌੜਾ ਸਿਰ ਸ਼ਾਰਕ ਦੇ ਸਿਰ ਦੇ ਹਰੇਕ ਵੱਧੇ ਹੋਏ ਹਿੱਸੇ ਦੇ ਸਿਰੇ ਤੇ ਇਕ-ਇਕ ਅੱਖ ਹੁੰਦੀ ਹੈ ਅਤੇ ਅੱਖ ਦੇ ਨਾਲ ਇਕ ਨਾਸਿਕ ਹੁੰਦੀ ਹੈ। ਇਸ ਨੂੰ ਵਿਭਿੰਨ ਪ੍ਰਕਾਰ ਦੀ ਗੰਧ ਪਛਾਣਨ ਵਿੱਚ ਸਹਾਇਤਾ ਰਹਿੰਦੀ ਹੈ।

ਹਥੌੜਾ ਸਿਰ ਸ਼ਾਰਕ ਦੀਆ ਪੰਜੇ ਜਾਤੀਆਂ ਦੇ ਆਕਾਰ ਅਤੇ ਰੂਪ ਵਿੱਚ ਬਹੁਤ ਜ਼ਿਆਦਾ ਫਰਕ ਹੁੰਦਾ ਹੈ। ਸਭ ਤੋਂ ਵੱਡੀ ਹਥੌੜਾ ਸਿਰ ਸ਼ਾਰਕ ਗ੍ਰੇਟ ਹੈਮਰ ਹੇਡ ਸ਼ਾਰਕ ਹੈ। ਇਸ ਦੀ ਲੰਬਾਈ ਛੇ ਮੀਟਰ ਤੋਂ ਤੀ ਜ਼ਿਆਦਾ ਹੁੰਦੀ ਹੈ ਅਤੇ ਸਰੀਰ ਦਾ ਵਜਨ ਲਗਭਗ 910 ਕਿਲੋਗ੍ਰਾਮ ਤਕ ਹੁੰਦਾ ਹੈ। ਇਸ ਦੀਆਂ ਦੋਵੇਂ ਅੱਖਾਂ ਦੇ ਵਿਚਕਾਰ ਦੀ ਦੂਰੀ ਇਕ ਮੀਟਰ ਤਕ ਦੀ ਹੋ ਸਕਦੀ ਹੈ। ਬੋਨੇਟ ਹਥੌੜਾ ਸਿਰ ਸ਼ਾਰਕ ਸਭ ਤੋਂ ਛੋਟੀ ਹੁੰਦੀ ਹੈ। ਇਸ ਦੀ ਲੰਬਾਈ ਅਕਸਰ 1.5 ਮੀਟਰ ਤੋਂ ਜ਼ਿਆਦਾ ਨਹੀਂ ਹੁੰਦੀ। ਹਥੌੜਾ ਸਿਰ ਸ਼ਾਰਕ ਦੀਆਂ ਸਾਰੀਆਂ ਜਾਤੀਆਂ ਦਾ ਰੰਗ ਅਕਸਰ ਇਕੋ ਜਿਹਾ ਹੁੰਦਾ ਹੈ। ਇਹਨਾਂ ਦੀ ਪਿੱਠ ਅਤੇ ਉਪਰ ਦਾ ਹਿੱਸਾ ਗ੍ਰੇ ਰੰਗ ਦਾ ਅਤੇ ਹੇਠਲਾ ਹਿੱਸਾ ਹਲਕੇ ਰੰਗ ਦਾ ਹੁੰਦਾ ਹੈ।

ਹਥੌੜਾ ਸਿਰ ਸ਼ਾਰਕ ਦੇ ਭੋਜਨ ਵਿੱਚ ਕਾਫੀ ਭਿੰਨਤਾ ਵੇਖਣ ਨੂੰ ਮਿਲਦੀ ਹੈ। ਬੋਨੇਟ ਅਤੇ ਇਸੇ ਤਰ੍ਹਾਂ ਦੀਆਂ ਹੋਰ ਛੋਟੇ ਆਕਾਰ ਦੀਆਂ ਹਥੌੜਾ ਸਿਰ ਸ਼ਾਰਕ ਦਾ ਮੁੱਖ ਭੋਜਨ ਬਾਰਨੇਕਲ, ਕੇਕੜੇ ਅਤੇ ਮੱਛੀਆਂ ਹਨ। ਇਸ ਦੇ ਨਾਲ ਹੀ ਸਕਿਵਡ ਨੂੰ ਵੀ ਆਪਣਾ ਆਹਾਰ ਬਣਾਉਂਦੀਆਂ ਹਨ। ਅਕਸਰ 3 ਮੀਟਰ ਤੋਂ ਘੱਟ ਲੰਮੀ ਹਥੌੜਾ ਸਿਰ ਸ਼ਾਰਕ ਆਪਣਾ ਭੋਜਨ ਸਾਗਰ ਤਲ ਤੋਂ ਹੀ ਪ੍ਰਾਪਤ ਕਰਦੀ ਹੈ। ਗ੍ਰੇਟ ਹੈਮਰ ਹੇਡ ਸ਼ਾਰਕ ਅਤੇ ਇਸੇ ਤਰ੍ਹਾਂ ਦੀਆਂ ਬਾਕੀ ਵੱਡੇ ਆਕਾਰ ਦੀਆਂ ਹਥੌੜਾ ਸਿਰ ਸ਼ਾਰਕ ਮੁਖ ਰੂਪ ਨਾਲ 'ਸਕੇਟ ਸ਼ਾਰਕ' ਅਤੇ 'ਸਟਿੰਗ ਰੇ' ਖਾਂਦੀਆਂ ਹਨ। ਸਾਗਰ ਤਲ ਤੇ ਹਜ਼ਾਰਾਂ ਦੀ ਗਿਣਤੀ ਵਿੱਚ 'ਸਟਿੰਗ ਰੇ' ਭਰੀਆਂ ਪਈਆਂ ਹਨ। ਕਦੇ-ਕਦੇ ਤਾਂ 2.5 ਮੀਟਰ ਤੋਂ ਲੈ ਕੇ 3.5 ਮੀਟਰ ਦੀ ਡੂੰਘਾਈ ਤੇ ਕਾਫੀ ਮਾਤਰਾ ਵਿੱਚ ਸਟਿੰਗ ਰੇ ਮਿਲ ਜਾਂਦੀ ਹੈ।

ਹਥੌੜਾ ਸਿਰ ਸ਼ਾਰਕ ਮਾਨਵ ਲਈ ਬਹੁਤ ਘਾਤਕ ਹੁੰਦੀ ਹੈ। ਹਥੌੜਾ ਸਿਰ ਸ਼ਾਰਕ ਅਕਸਰ ਕਿਸ਼ਤੀਆਂ ਦਾ ਪਿੱਛਾ ਕਰਦੀਆਂ ਹਨ। ਇਸ ਲਈ



ਨਾਰਵੇ ਅਤੇ ਸਟੀਮਰ ਤੇ ਸਵਾਰ ਲੋਕਾਂ ਨੂੰ ਹਮੇਸ਼ਾ ਹੀ ਸਾਵਧਾਨ ਰਹਿਣਾ ਪੈਂਦਾ ਹੈ। ਇਸੇ ਤਰ੍ਹਾਂ ਇਸ ਨੂੰ ਗੋਤਾਖੋਰਾਂ ਦੇ ਨਾਲ ਤੈਰਨ ਦਾ ਵੀ ਮਜ਼ਾ ਆਉਂਦਾ ਹੈ। ਇਹ ਜਿਵੇਂ ਹੀ ਕਿਸੇ ਗੋਤਾਖੋਰ ਨੂੰ ਵੇਖਦੀ ਹੈ ਉਸ ਦੇ ਨਾਲ ਹੋ ਜਾਂਦੀ ਹੈ। ਅਜਿਹੀ ਹਾਲਤ ਵਿੱਚ ਗੋਤਾਖੋਰਾਂ ਨੂੰ ਆਪਣੇ ਪ੍ਰਾਣ ਬਚਾ ਕੇ ਭੱਜਣਾ ਪੈਂਦਾ ਹੈ। ਵਿਸ਼ਵ ਦੇ ਅਨੇਕਾਂ ਹਿੱਸਿਆਂ ਵਿੱਚ ਗੋਤਾਖੋਰਾਂ ਅਤੇ ਕਿਸ਼ਤੀਆਂ ਤੇ ਸਵਾਰ ਲੋਕਾਂ ਦੇ ਨਾਲ ਕਈ ਦੁਰਘਟਨਾਵਾਂ ਹੋ ਚੁੱਕੀਆਂ ਹਨ ਅਤੇ ਬਹੁਤ ਸਾਰੇ ਲੋਕ ਮਾਰੇ ਜਾ ਚੁੱਕੇ ਹਨ।

### *ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਜਵਾਬ*

*(1) ਮੇਨਕਾ (2) ਸ਼੍ਰੀਲੰਕਾ (3) ਅਫਰੀਕਾ (4) ਅੰਬਿਕਾ*

*(5) ਅਮਰੀਕਾ (6) ਐਂਟਾਰਕਟਿਕਾ (7) ਤਾੜਕਾ*

*(8) ਦਵਾਰਕਾ (9) ਉਤਰੀ ਅਮਰੀਕਾ (10) ਟਕਾ*

*(11) ਲੁਸਾਕਾ (12) ਹੋਲਿਕਾ (13) ਲਾਇਕਾ*

*(14) ਅਮਰੀਕਾ (15) ਰੇਣੁਕਾ (16) ਸ਼੍ਰੀਲੰਕਾ*



ਅਮਨ ਦਿਲਜਾਨ

# ਆਇਆ ਦੀਵਾਲੀ ਦਾ ਤਿਉਹਾਰ,


ਆਇਆ ਦੀਵਾਲੀ ਦਾ ਤਿਉਹਾਰ,
ਦੀਪ ਜਗਾਈਏ ਪਿਆਰ ਦੇ,
ਵੰਡੀਏ ਮਹਿਕਾਂ ਤੇ ਗੁਲਜ਼ਾਰ,
ਦੀਪ ਬੁਝਾਈਏ ਹੰਕਾਰ ਦੇ,
ਆਇਆ ਦੀਵਾਲੀ ਦਾ ਤਿਉਹਾਰ....

ਖੁਸ਼ੀਆਂ ਤੇ ਖੇੜੇ ਲੈ ਕੇ
ਆਉਂਦਾ ਏ ਤਿਉਹਾਰ,
ਮਨਾਂ ਵਿੱਚੋਂ ਦੂਰੀਆਂ ਦਾ
ਮਿਟਾਉਂਦਾ ਏ ਜਾਲ,
ਆਇਆ ਦੀਵਾਲੀ ਦਾ ਤਿਉਹਾਰ....

ਖੂਬ ਹੁੰਦਾ ਏ ਮਠਿਆਈਆਂ
ਤੇ ਪਟਾਕਿਆਂ ਦਾ ਸ਼ੋਰ,
ਸ਼ੁਰੂ ਤੋਂ ਹੀ ਚੱਲਿਆ ਆਇਆ
ਹੈ ਇਹ ਐਸਾ ਦੌਰ,
ਆਇਆ ਦੀਵਾਲੀ ਦਾ ਤਿਉਹਾਰ....

ਮਿਲਜੁੱਲ ਕੇ ਰਹੀਏ
ਸਾਨੂੰ ਇਹੋ ਸਿਖਾਉਂਦਾ ਏ,
ਸਭ ਦੇ ਦਿਲਾਂ ਵਿੱਚ
ਪਿਆਰ ਹੀ ਪਿਆਰ ਵਧਾਉਂਦਾ ਏ,
ਆਇਆ ਦੀਵਾਲੀ ਦਾ ਤਿਉਹਾਰ....

'ਅਮਨ ਦਿਲਜਾਨ' ਠੰਡ ਆਵੇ,
ਬੋਲਾਂ ਵਿੱਚ ਖੰਡ ਆਵੇ,
ਵੈਰ, ਈਰਖਾ ਦੀ ਬਣੀ,
ਪੱਕੀ ਕੰਧ ਢਹਿ ਜਾਵੇ,
ਆਇਆ ਦੀਵਾਲੀ ਦਾ ਤਿਉਹਾਰ....



❑ ਸਾਬਿਰ ਹੁਸੈਨ

# ਸਵਾਰਥੀ ਬਾਂਦਰ

ਬਹੁਤ ਸਮਾਂ ਪਹਿਲਾਂ ਦੀ ਗੱਲ ਹੈ। ਉਸ ਸਮੇਂ ਪ੍ਰਿਥਵੀ ਤੇ ਚਾਰੇ ਪਾਸੇ ਜੰਗਲ ਹੀ ਜੰਗਲ ਸਨ। ਜੰਗਲ ਵਿੱਚ ਬਾਂਦਰ ਰਹਿੰਦਾ ਸੀ। ਉਹ ਘਾਹ-ਫੂਸ ਅਤੇ ਲੱਕੜੀ ਆਦਿ ਨਾਲ ਬਹੁਤ ਸੁੰਦਰ ਘਰ ਬਣਾਉਣਾ ਜਾਣਦਾ ਸੀ। ਉਸ ਨੇ ਆਪਣੇ ਰਹਿਣ ਲਈ ਰੁੱਖ ਤੇ ਬਹੁਤ ਹੀ ਸੁੰਦਰ ਘਰ ਬਣਾਇਆ ਸੀ। ਘਰ ਬਣਾਉਣ ਦੀ ਕਲਾ ਤੇ ਉਸ ਨੂੰ ਬੜਾ ਘਮੰਡ ਸੀ। ਜੰਗਲ ਦੇ ਬਾਕੀ ਪਸ਼ੂ-ਪੰਛੀ, ਬਾਂਦਰ ਨੂੰ ਵਾਰ-ਵਾਰ ਘਰ ਬਣਾਉਣ ਦੀ ਵਿਧੀ ਦੱਸਣ ਦੀ ਬੇਨਤੀ ਕਰਦੇ ਪਰ ਉਹ ਹਰ ਵਾਰ ਸਾਫ਼ ਮਨ੍ਹਾ ਕਰ ਦਿੰਦਾ। ਉਸ ਨੇ ਜੰਗਲ ਦੇ ਰਾਜਾ ਸ਼ੇਰ ਨੂੰ ਵੀ ਘਰ ਬਣਾਉਣ ਦੀ ਵਿਧੀ ਦੱਸਣ ਤੋਂ ਇਨਕਾਰ ਕਰ ਦਿੱਤਾ।

ਉਸੇ ਜੰਗਲ ਵਿੱਚ ਇਕ ਬਿਜੜੇ ਨਾਮ ਦਾ ਪੰਛੀ ਵੀ ਰਹਿੰਦਾ ਸੀ। ਉਸ ਨੇ ਵੀ ਬਾਂਦਰ ਨੂੰ ਕਈ ਵਾਰ ਬੇਨਤੀ ਕੀਤੀ ਕਿ ਵਰਖਾ ਰੁੱਤ ਆਉਣ ਵਾਲੀ ਹੈ। ਵਰਖਾ ਤੋਂ ਬਚਾਅ ਲਈ ਉਹ ਘਰ ਬਣਾਉਣ ਦੀ ਵਿਧੀ ਦੱਸ ਦੇ ਪ੍ਰੰਤੂ ਬਾਂਦਰ ਘਮੰਡ ਦੇ ਕਾਰਣ ਉਸ ਦਾ ਅਪਮਾਨ ਕਰਕੇ ਭਜਾ ਦਿੱਤਾ। ਉਹ ਕਿਸੇ ਨੂੰ ਵੀ ਆਪਣੇ ਘਰ ਵਿੱਚ ਵੜਨ ਨਹੀਂ ਸੀ ਦਿੰਦਾ।

ਬਿਜੜੇ ਪੰਛੀ ਨੇ ਅਣਥਕ ਮਿਹਨਤ ਨਾਲ ਆਪਣੇ ਲਈ ਘਰ ਬਣਾਉਣਾ ਸ਼ੁਰੂ ਕਰ ਦਿੱਤਾ ਅਤੇ ਵਰਖਾ ਸ਼ੁਰੂ ਹੋਣ ਤਕ ਉਸ ਨੇ ਇਕ ਵੱਡਾ ਜਿਹਾ ਘਰ ਬਣਾ ਲਿਆ। ਇਹ ਘਰ ਭੱਦਾ ਅਤੇ ਕਮਜ਼ੋਰ ਸੀ। ਫਿਰ ਵੀ ਬਿਜੜਾ ਬਹੁਤ ਖੁਸ਼ ਸੀ।



ਇਕ ਦਿਨ ਤੇਜ਼ ਵਰਖਾ ਸ਼ੁਰੂ ਹੋ ਗਈ। ਸਾਰੇ ਪਸ਼ੂ-ਪੰਛੀ ਇਧਰ-ਉਧਰ ਭੱਜਣ ਲੱਗੇ। ਬਾਂਦਰ ਆਪਣੇ ਘਰ ਵਿੱਚ ਬੈਠਾ ਜਾਨਵਰਾਂ ਨੂੰ ਇਧਰ-ਉਧਰ ਭੱਜਦੇ ਵੇਖ ਕੇ ਹੱਸ ਰਿਹਾ ਸੀ। ਬਿਜੜੇ ਨੇ ਆਪਣੇ ਘਰ ਵਿੱਚ ਬਹੁਤ ਸਾਰੇ ਪੰਛੀਆਂ ਨੂੰ ਸਹਾਰਾ ਦਿੱਤਾ। ਦੂਸਰੇ ਪਾਸੇ ਬਾਂਦਰ ਸਹਾਰਾ ਮੰਗਣ ਵਾਲਿਆਂ ਨੂੰ ਭਜਾ ਦਿੰਦਾ। ਅਚਾਨਕ ਵਰਖਾ ਦੇ ਨਾਲ ਤੇਜ਼ ਹਵਾ ਚੱਲਣ ਲਗੀ। ਬਿਜੜੇ ਦਾ ਘਰ ਟੁੱਟਣ ਲੱਗਾ। ਉਸ ਦੇ ਅੰਦਰ ਬੈਠੇ ਪੰਛੀ ਘਬਰਾ ਕੇ ਰੋਣ ਲੱਗੇ। ਜੰਗਲ ਵਿੱਚ ਚਾਰੇ ਪਾਸੇ ਅਫਰਾ-ਤਫਰੀ ਮੱਚੀ ਹੋਈ ਸੀ ਅਤੇ ਬਾਂਦਰ ਬੈਠਾ ਹੱਸ ਰਿਹਾ ਸੀ।

ਜੰਗਲ ਦੇਵਤਾ ਨੂੰ ਬਾਂਦਰ ਤੇ ਬੜਾ ਕ੍ਰੋਧ ਆਇਆ। ਉਹ ਪ੍ਰਗਟ ਹੋਏ। ਉਹਨਾਂ ਨੇ ਬਾਂਦਰ ਤੋਂ ਪੁੱਛਿਆ, 'ਤੂੰ ਆਪਣੇ ਘਰ ਵਿੱਚ ਦੂਸਰੇ ਜਾਨਵਰਾ ਨੂੰ ਆਸਰਾ ਕਿਉਂ ਨਹੀਂ ਦਿੱਤਾ?'

'ਮੇਰਾ ਘਰ ਹੈ, ਮੈਂ ਕਿਸੇ ਨੂੰ ਕਿਉਂ ਰੱਖਾਂ? ਬਾਂਦਰ ਘਮੰਡ ਨਾਲ ਬੋਲਿਆ।

ਜੰਗਲ ਦੇ ਦੇਵਤਾ ਕ੍ਰੋਧ ਵਿੱਚ ਬੋਲੇ, ਜਾ ਸਵਾਰਥੀ ਬਾਂਦਰ, ਸਾਰਿਆਂ ਦਾ ਆਪਣਾ ਘਰ ਹੋਏਗਾ, ਲੇਕਿਨ ਤੇਰਾ ਕੋਈ ਘਰ ਨਹੀਂ ਹੋਏਗਾ। ਤੂੰ ਸਦਾ ਭਟਕਦਾ ਰਹੇਗਾ।'

ਬਿਜੜੇ ਨੂੰ ਦਯਾਵਾਨ ਹੋਣ, ਦੂਸਰਿਆਂ ਦੀ ਸਹਾਇਤਾ ਕਰਨ ਲਈ ਸੁੰਦਰ ਘਰ ਬਣਾਉਣ ਦੀ ਕਲਾ ਦਾ ਵਰਦਾਨ ਮਿਲਿਆ।

ਅੱਜ ਵੀ ਸਾਰੇ ਪਸ਼ੂ-ਪੰਛੀਆਂ ਦੇ ਆਪਣੇ ਘਰ ਹਨ ਪ੍ਰੰਤੂ ਬਾਂਦਰ ਦਾ ਆਪਣਾ ਕੋਈ ਘਰ ਨਹੀਂ ਹੁੰਦਾ। ਉਹ ਸਦਾ ਭਟਕਦਾ ਰਹਿੰਦਾ ਹੈ ਅਤੇ ਪੰਛੀਆਂ ਵਿੱਚ ਸਭ ਤੋਂ ਸੁੰਦਰ, ਮਜ਼ਬੂਤ ਘਰ ਬਿਜੜੇ ਦਾ ਹੁੰਦਾ ਹੈ।



# ਰੰਗ ਭਰੋ




ਨਾਂ ............................................................................ਉਮਰ..........

ਪੂਰਾ ਪਤਾ..........................................................................

..........................................................................................

# ਮਈ 2021 ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ :**

ਆਰਾਧਿਆ ਸ਼ਰਮਾ (ਉਮਰ 6 ਸਾਲ)
C - 59, ਪਾਂਡਵ ਨਗਰ
ਗਣੇਸ਼ ਨਗਰ (ਦਿਲੀ – 92)

**ਦੂਸਰਾ ਨੰ :**

ਸਮਪ੍ਰੀਤ ਕੌਰ (ਉਮਰ 8 ਸਾਲ)
ਪਿੰਡ ਤੇ ਡਾਕਖਾਨਾ : ਗੁਮਟਾਲਾ
ਜਿਲਾ : ਅੰਮ੍ਰਿਤਸਰ (ਪੰਜਾਬ)

**ਤੀਸਰਾ ਨੰ :**

ਕਿਰਨ ਬਾਲਾ (ਉਮਰ 9 ਸਾਲ)
ਪਿੰਡ ਤੇ ਡਾਕਖਾਨਾ – ਡੱਫਰ
ਜ਼ਿਲਾ – ਹੁਸ਼ਿਆਰਪੁਰ (ਪੰਜਾਬ)

## ਪਸੰਦ ਕੀਤੇ ਗਏ –

ਰਾਧਾ (ਜਗਰਾਉ),
ਪਰਵੀਨ ਕੌਰ (ਨਾਨਕ ਨਗਰੀ),
ਸਮੀਪਤਾ ਖੁਰਾਨਾ (ਜਲੰਧਰ),
ਸੁਭਪ੍ਰੀਤ (ਅੰਮ੍ਰਿਤਸਰ),
ਸਹਿਜ ਬਾਂਸਲੀ (ਪਾਤੜਾਂ),
ਹਰਸੂਲ (ਹੁਸ਼ਿਆਰਪੁਰ),
ਸੁਖਪ੍ਰੀਤ ਸਿੰਘ (ਮਾਨਸਾ),
ਹਰਸ਼ਪ੍ਰੀਤ ਕੌਰ (ਕੁਰਾਲੀ),
ਅਰਸ਼ਦੀਪ ਸਿੰਘ (ਰੂਪੋਵਾਲ),
ਸੁਖਮੀਤ (ਸਰਦੂਲਗੜ੍ਹ),
ਪ੍ਰੇਰਨਾ (ਬੇਦੀ ਨਗਰ),
ਗੁਰਵਿੰਦਰ (ਜ਼ੀਰਾ),
ਜਸ਼ਨਪ੍ਰੀਤ ਕੌਰ (ਬੋਹਾ),
ਪ੍ਰਭਜੋਤ ਕੌਰ (ਭੈਰੋ ਮਾਜਰਾ),
ਗੁਰਮੁਖ ਨੂਰ (ਗੁਮਟਾਲਾ),
ਪ੍ਰਦੀਪ ਕੁਮਾਰ (ਨਵਾਂ ਸ਼ਹਿਰ),
ਨਿਤਿਨ ਕੰਡਾ (ਤਲਵੰਡੀ ਭਾਈ),
ਗੁਰਲੀਨ ਕੌਰ (ਡੱਫਰ),
ਵੀਸ਼ਿਕਾ ਬੇਬੋ (ਬੁਢਲਾਡਾ),
ਸਿਦਕ ਭਾਟੀਆ (ਦੋਰਾਹਾ),



## ਨਵੰਬਰ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ *25 ਦਸੰਬਰ 2021* ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ *ਜਨਵਰੀ 2022* ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।



# ਖਰਗੋਸ਼

## ਮਾਸੂਮ ਅਤੇ ਖ਼ੂਬਸੂਰਤ ਪ੍ਰਾਣੀ

❑ ਕੈਲਾਸ਼ ਜੈਨ

ਖਰਗੋਸ਼ ਇਕ ਨਾਜ਼ੁਕ, ਮਸੂਮ ਅਤੇ ਨਿਹਾਇਤ ਖ਼ੂਬਸੂਰਤ ਪ੍ਰਾਣੀ ਹੈ। ਇਕਦਮ ਸਫੈਦ ਅਤੇ ਮੁਲਾਇਮ ਵਾਲਾਂ ਵਾਲਾ ਇਹ ਜਾਨਵਰ ਕਿਸੇ ਨੂੰ ਵੀ ਆਪਣੇ ਵੱਲ ਖਿੱਚ ਸਕਦਾ ਹੈ।

ਸਰੀਰਕ ਰਚਨਾ ਦੀ ਦ੍ਰਿਸ਼ਟੀ ਨਾਲ ਆਮਤੌਰ ਤੇ ਖਰਗੋਸ਼ ਦੀ ਲੰਬਾਈ 18 ਤੋਂ ਵੀਹ ਇੰਚ ਤਕ ਹੁੰਦੀ ਹੈ। ਇਸ ਦੀਆਂ ਅੱਖਾਂ ਭੂਰੀਆਂ ਅਤੇ ਨੀਲੀਆਂ ਹੁੰਦੀਆਂ ਹਨ। ਸਰੀਰ ਦੇ ਅਨੁਪਾਤ ਵਿੱਚ ਇਸ ਦੇ ਕੰਨ ਕਾਫੀ ਲੰਬੇ ਹੁੰਦੇ ਹਨ। ਅਸਲ ਵਿੱਚ ਵੱਡੇ ਅਤੇ ਸੰਵੇਦਨਸ਼ੀਲ ਕੰਨ ਖਰਗੋਸ਼ ਨੂੰ ਆਤਮਸੁਰੱਖਿਆ ਵਾਸਤੇ ਇਕ ਕੁਦਰਤੀ ਤੋਹਫਾ ਹੈ ਕਿਉਂਕਿ ਖਰਗੋਸ਼ ਇਕ ਕਮਜ਼ੋਰ ਅਤੇ ਬਾਹਰੀ ਦੁਸ਼ਮਣਾ ਤੋਂ ਆਪਣੀ ਰੱਖਿਆ ਕਰਨ ਵਿੱਚ ਅਸਮਰਥ ਪ੍ਰਾਣੀ ਹੈ। ਇਸ ਕਾਰਣ ਵੱਡੇ ਕੰਨਾਂ ਦੀ ਵਜ੍ਹਾ ਨਾਲ ਇਹ ਬਹੁਤ ਮੱਧਮ ਆਵਾਜ਼ ਨਾਲ ਪੈਦਾ ਹੋਈ ਧੁਨਿ ਤਰੰਗਾਂ ਨੂੰ ਵੀ ਸਰਲਤਾ ਨਾਲ ਗ੍ਰਹਿਣ ਕਰ ਲੈਂਦਾ ਹੈ ਅਤੇ ਪੁਲਾਂਘਾਂ ਭਰ ਕੇ ਆਪਣੀ ਰੱਖਿਆ ਕਰ ਲੈਂਦਾ ਹੈ। ਤੀਵਰ ਸੁਣਨ-ਸ਼ਕਤੀ ਦੇ ਇਲਾਵਾ ਦੂਰ ਤਕ ਵੇਖ ਸਕਣ ਦੀ ਸ਼ਕਤੀ ਅਤੇ ਸੁੰਘਣ ਦੀ ਤੀਵਰ ਅਤੇ ਅਦਭੁਤ ਸ਼ਕਤੀ ਵੀ ਇਸ ਦੀ ਆਤਮਰੱਖਿਆ ਵਿੱਚ ਮਦਦਗਾਰ ਹੁੰਦੀ ਹੈ। ਕਾਫੀ ਦੂਰ ਤੋਂ ਇਹ ਆਪਣੇ ਦੁਸ਼ਮਣਾਂ ਦੀ ਗੰਧ ਫੜ ਲੈਂਦਾ ਹੈ ਅਤੇ ਬਚਾਉ ਵਿੱਚ ਭੱਜ ਕੇ ਉਹਨਾਂ ਦੀ ਪਹੁੰਚ ਤੋਂ ਬਾਹਰ ਹੋ ਜਾਂਦਾ ਹੈ।

ਖਰਗੋਸ਼ ਦੀਆਂ ਪਿਛਲੀਆਂ ਲੱਤਾਂ ਅਗਲੀਆਂ ਲੱਤਾਂ ਦੀ ਬਜਾਏ ਜ਼ਿਆਦਾ ਵੱਡੀਆਂ ਹੁੰਦੀਆਂ ਹਨ। ਆਪਣੀਆਂ ਇਹਨਾਂ ਲੱਤਾਂ ਦੇ ਬਲ ਤੇ ਪੁਲਾਂਘਾਂ ਭਰ ਕੇ ਦੌੜਨਾ ਇਸ ਦਾ ਸ਼ੌਕ ਹੈ। ਮੁਸੀਬਤ ਦੇ ਸਮੇਂ ਇਹ ਲਗਭਗ 65 ਕਿਲੋਮੀਟਰ ਪ੍ਰਤੀ ਘੰਟੇ ਦੀ ਗਤੀ ਨਾਲ ਦੌੜ ਸਕਦਾ ਹੈ। ਆਪਣੇ ਦੁਸ਼ਮਣ ਤੋਂ ਰੱਖਿਆ ਕਰਨ ਲਈ ਭੱਜਦਾ ਹੋਇਆ ਖਰਗੋਸ਼ ਕਦੇ ਇਕ ਦਿਸ਼ਾ ਵਿੱਚ ਨਹੀਂ ਦੌੜਦਾ, ਬਲਕਿ ਭੱਜਦੇ ਹੋਏ ਦਿਸ਼ਾ-ਪ੍ਰੀਵਰਤਨ ਕਰਕੇ ਆਪਣਾ ਪਿੱਛਾ ਕਰ ਰਹੇ ਦੁਸ਼ਮਣ ਨੂੰ ਚਕਮਾ ਦੇਣ ਦੀ ਕਲਾ ਵਿੱਚ ਖਰਗੋਸ਼ ਨੂੰ ਮਹਾਰਤ ਹਾਸਿਲ ਹੈ। ਭੱਜਦੇ-ਭੱਜਦੇ

ਅਚਾਨਕ ਦਿਸ਼ਾ ਬਦਲ ਕੇ ਕਿਸੇ ਝਾੜੀ, ਖੁੱਡ ਵਿੱਚ ਗਾਇਬ ਹੋਏ ਖਰਗੋਸ਼ ਨੂੰ ਉਸ ਦਾ ਸ਼ਿਕਾਰੀ ਹੱਕਾਬੱਕਾ ਹੋ ਕੇ ਵੇਖਦਾ ਰਹਿ ਜਾਂਦਾ ਹੈ। ਜ਼ਮੀਨ ਤੇ ਬਚਾਅ ਦੇ ਦੁਆਰ ਬੰਦ ਹੋ ਜਾਣ ਤੇ ਇਹ ਪਾਣੀ ਵਿੱਚ ਵੀ ਛਾਲ ਮਾਰਨ ਤੋਂ ਨਹੀਂ ਝਿਜਕਦਾ।

ਖਾਣਪੀਣ ਦੇ ਮਾਮਲੇ ਵਿੱਚ ਖਰਗੋਸ਼ ਇਕ ਸ਼ੁੱਧ ਸ਼ਾਕਾਹਾਰੀ ਪ੍ਰਾਣੀ ਹੈ। ਇਸ ਦਾ ਮੁਖ ਭੋਜਨ ਹਰੀ ਘਾਹ, ਨਰਮ ਪੌਦੇ, ਸਬਜ਼ੀਆਂ, ਫਲ, ਛੋਲੇ ਆਦਿ ਹੈ। ਇਸ ਦੇ ਮੂੰਹ ਵਿੱਚ ਦੋ ਦੰਦ ਪੰਕਤੀਆਂ ਹੁੰਦੀਆਂ ਹਨ, ਜਿਨ੍ਹਾਂ ਦੀ ਮਦਦ ਨਾਲ ਇਹ ਆਪਣਾ ਭੋਜਨ ਕੁਤਰ-ਕੁਤਰ ਕੇ ਖਾਂਦਾ ਹੈ। ਗਾਜਰ, ਮੂਲੀ, ਸ਼ੰਕਰਕੰਦ ਆਦਿ ਦੀਆਂ ਜੜ੍ਹਾਂ ਅਤੇ ਛਿਲਕੇ ਇਸ ਦਾ ਪਿਆਰਾ ਭੋਜਨ ਹੈ। ਇਹ ਖੇਤਾਂ ਵਿੱਚ ਖੜੀਆਂ ਹਰੀ ਸਬਜ਼ੀਆਂ ਅਤੇ ਫਲਾਂ ਨੂੰ ਖਾਂਦਾ ਰਹਿੰਦਾ ਹੈ। ਇਸ ਕਾਰਣ ਕਿਸਾਨ ਲੋਕ ਇਸ ਨੂੰ ਆਪਣਾ ਦੋਸਤ ਨਹੀਂ ਮੰਨਦੇ।

ਇਹ ਆਮਤੌਰ ਤੇ ਸਮੂਹ-ਪ੍ਰੇਮੀ ਜੀਵ ਹੈ ਜੋ ਇਕ ਵੱਡੇ ਝੁੰਡ ਦੇ ਰੂਪ ਵਿੱਚ ਰਹਿਣਾ ਪਸੰਦ ਕਰਦਾ ਹੈ। ਇਹ ਭੋਜਨ ਦੀ ਭਾਲ ਵਿੱਚ ਅਕਸਰ ਸ਼ਾਮ ਢਲੇ ਜਾਂ ਮੂੰਹ-ਮਨੇਰੇ ਨਿਕਲਦਾ ਹੈ। ਬਾਕੀ ਸਮਾਂ ਇਹ ਸੰਘਣੀਆਂ ਝਾੜੀਆਂ ਜਾਂ ਲੰਬੀ ਘਾਹ ਵਿੱਚ ਲੁਕਿਆ ਰਹਿੰਦਾ ਹੈ।

ਮਾਦਾ ਖਰਗੋਸ਼ ਛੇ ਮਹੀਨੇ ਦੀ ਉਮਰ ਵਿੱਚ ਬੱਚੇ ਪੈਦਾ ਕਰਨ ਲੱਗਦੀ ਹੈ ਅਤੇ ਇਕ ਸਾਲ ਵਿੱਚ ਇਹ ਤਿੰਨ ਜਾਂ ਚਾਰ ਵਾਰ ਗਰਭ ਧਾਰਣ ਕਰਦੀ ਹੈ। ਇਕ ਵਾਰ ਵਿੱਚ ਮਾਦਾ ਖਰਗੋਸ਼ ਪੰਜ-ਛੇ ਬੱਚਿਆਂ ਨੂੰ ਜਨਮ ਦਿੰਦੀ ਹੈ। ਖਰਗੋਸ਼ ਦੀ ਔਸਤ ਉਮਰ ਸਾਢੇ ਸੱਤ ਤੋਂ ਅੱਠ ਸਾਲ ਹੁੰਦੀ ਹੈ।

ਪ੍ਰਾਣੀ-ਸ਼ਾਸ਼ਤਰੀ ਉੱਤਰੀ ਅਮਰੀਕਾ ਨੂੰ ਖਰਗੋਸ਼ ਦਾ ਜਨਮ ਸਥਾਨ ਮੰਨਦੇ ਹਨ। ਹੁਣ ਤਕ ਇਹਨਾਂ ਦੀਆਂ ਤਕਰੀਬਨ 50 ਤੋਂ 55 ਪ੍ਰਜਾਤੀਆਂ ਦੀ ਪਛਾਣ ਕੀਤੀ ਜਾ ਸਕੀ ਹੈ। ਇਹਨਾਂ ਵਿੱਚ ਸਖਾ, ਖਰਹਾ, ਅੰਗੋਰਾ, ਫਲੇਮਿਸ਼, ਜਾਅੰਟ ਆਦਿ ਮੁਖ ਹਨ।

ਖਰਗੋਸ਼ ਦੀਆਂ ਸਾਰੀਆਂ ਜਾਤੀਆਂ ਵਿੱਚ ਸਭ ਤੋਂ ਘੱਟ ਵਜਨ ਦੇ ਛੋਟੇ ਖਰਗੋਸ਼ ਨੀਦਰਲੈਂਡ ਅਤੇ ਪੋਲੈਂਡ ਵਿੱਚ ਮਿਲ ਜਾਂਦੇ ਹਨ। ਇਸ ਪ੍ਰਜਾਤੀ ਦੇ ਬਾਲਗ ਖਰਗੋਸ਼ਾਂ ਦਾ ਵਜਨ 900 ਗ੍ਰਾਮ ਤੋਂ 1200 ਗ੍ਰਾਮ ਤਕ ਹੁੰਦਾ ਹੈ। 'ਫਲੇਮਿਸ਼' ਅਤੇ 'ਜਾਇੰਟ' ਪ੍ਰਜਾਤੀ ਦੇ ਖਰਗੋਸ਼ ਆਕਾਰ ਅਤੇ ਵਜਨ ਵਿੱਚ ਸਭ ਤੋਂ ਵੱਡੇ ਹੁੰਦੇ ਹਨ। ਇਹਨਾਂ ਦਾ ਔਸਤਨ ਵਜਨ ਸੱਤ ਤੋਂ ਸਾਢੇ ਅੱਠ ਕਿਲੋਗ੍ਰਾਮ ਪਾਇਆ ਜਾਂਦਾ ਹੈ।

ਅੰਗੋਰਾ ਪ੍ਰਜਾਤੀ ਦੇ ਖਰਗੋਸ਼ਾਂ ਤੋਂ ਕੀਮਤੀ ਉਨ ਮਿਲਦੀ ਹੈ। ਅੰਗੋਰਾ ਖਰਗੋਸ਼ ਤੋਂ ਉਨ ਪ੍ਰਾਪਤ ਕਰਨ ਲਈ ਇਕ ਵੱਡੀ ਪਰਿਯੋਜਨਾ ਦੇ ਤਹਿਤ ਆਧੁਨਿਕ ਤਰੀਕਿਆਂ ਨਾਲ ਖਰਗੋਸ਼-ਪਾਲਣ ਦਾ ਕਾਰਜ ਕੀਤਾ ਜਾਂਦਾ ਹੈ।

- ਬਰਫ ਦਾ ਟੁਕੜਾ ਪਾਣੀ ਵਿੱਚ ਕਿਉਂ ਤੈਰਦਾ ਹੈ?
- ਉਂਝ ਵੇਖਣ ਵਿੱਚ ਬਰਫ ਦਾ ਟੁਕੜਾ ਠੋਸ ਹੁੰਦਾ ਹੈ ਫਿਰ ਵੀ ਉਹ ਪਾਣੀ ਤੇ ਤੈਰਦਾ ਰਹਿੰਦਾ ਹੈ। ਇਸ ਦਾ ਕਾਰਣ ਇਹ ਹੁੰਦਾ ਹੈ ਕਿ ਜਿਸ ਪਾਣੀ ਨਾਲ ਬਰਫ ਬਣਦੀ ਹੈ ਉਸ ਪਾਣੀ ਦਾ ਆਇਤਨ ਜ਼ਿਆਦਾ ਹੁੰਦਾ ਹੈ ਅਤੇ ਬਰਫ ਬਣਨ ਦੇ ਬਾਦ ਉਸ ਦਾ ਘਣਤਵ ਘੱਟ ਹੋ ਜਾਂਦਾ ਹੈ। ਘਣਤਵ ਘੱਟ ਹੋਣ ਦੇ ਕਾਰਣ ਬਰਫ ਦਾ ਟੁਕੜਾ ਪਾਣੀ ਤੇ ਤੈਰਦਾ ਹੈ।
- ਨਹੁੰ ਕੱਟਣ ਤੇ ਦਰਦ ਕਿਉਂ ਨਹੀਂ ਹੁੰਦਾ?
- ਨਹੁੰ ਮਾਨਵ ਸਰੀਰ ਵਿੱਚ ਮ੍ਰਿਤ ਕੋਸ਼ਿਸ਼ਕਾਵਾਂ ਨਾਲ ਬਣੇ ਹੁੰਦੇ ਹਨ। ਨਹੁੰਆਂ ਵਿੱਚ ਲਹੂ ਦੀਆਂ ਕੋਸ਼ਿਕਾਵਾਂ ਨਹੀਂ ਹੁੰਦੀਆਂ। ਇਸ ਲਈ ਜਦ ਅਸੀਂ ਬਲੇਡ ਜਾਂ 'ਨੇਲ-ਕਟਰ' ਨਾਲ ਨਹੁੰ ਕੱਟਦੇ ਹਾਂ ਤਾਂ ਸਾਨੂੰ ਦਰਦ ਦਾ ਅਨੁਭਵ ਨਹੀਂ ਹੁੰਦਾ।

❑ ਵਿਦਿਆ ਪ੍ਰਕਾਸ਼

❑ ਕਿਸ਼ਨਲਾਲ ਸ਼ਰਮਾ

# ਹੋਂਦ ਨੂੰ ਖਤਰਾ

''ਪਾਣੀ ਨਾ ਪੀਣਾ''। ਪਸ਼ੂਆਂ ਨੂੰ ਪਾਣੀ ਪੀਣ ਲਈ ਝੁਕਦਾ ਵੇਖ ਕੇ ਨਦੀ ਚਿਲਾਈ।

''ਕਿਉਂ?'' ਇਕ ਪਸ਼ੂ, ''ਬੋਲਿਆ, ''ਸਾਨੂੰ ਪਿਆਸ ਲੱਗੀ ਹੈ। ਤੂੰ ਸਾਨੂੰ ਪਾਣੀ ਪੀਣ ਤੋਂ ਕਿਉਂ ਰੋਕ ਰਹੀ ਹੈ?''

''ਇਸ ਪਾਣੀ ਨੂੰ ਪੀ ਕੇ ਤੁਸੀਂ ਮਰ ਜਾਉਗੇ''

''ਕਿਹੋ ਜਿਹੀਆਂ ਬਹਿਕੀਆਂ-ਬਹਿਕੀਆਂ ਗੱਲਾਂ ਕਰ ਰਹੀ ਹੋ।'' ਦੂਸਰਾ ਪਸ਼ੂ ਬੋਲਿਆ, ''ਪਾਣੀ ਪੀ ਕੇ ਕੋਈ ਮਰਦਾ ਹੈ।''

''ਤੁਸੀਂ ਬਿਲਕੁਲ ਠੀਕ ਕਹਿ ਰਹੇ ਹੋ। ਪਾਣੀ ਪੀ ਕੇ ਕੋਈ ਨਹੀਂ ਮਰਦਾ।'' -ਨਦੀ ਬੋਲੀ, ''ਲੇਕਿਨ ਮੇਰੇ ਇਸ ਪਾਣੀ ਨੂੰ ਪੀ ਕੇ ਤੁਸੀਂ ਮਰ ਜਾਉਗੇ ਕਿਉਂਕਿ ਇਸ ਵਿੱਚ ਜਹਿਰ ਮਿਲਿਆ ਹੈ।''

''ਤੂੰ ਐਨੀ ਨਿਰਦਈ ਕਦੋਂ ਤੋਂ ਹੋ ਗਈ? ਨਦੀ ਤਾਂ ਲੋਕਾਂ ਦੀ ਪਿਆਸ ਬੁਝਾਉਂਦੀ ਹੈ ਅਤੇ ਤੂੰ ਸਾਨੂੰ ਆਪਣਾ ਪਾਣੀ ਪੀਣ ਤੋਂ ਰੋਕਣ ਲਈ ਇਸ ਵਿੱਚ ਜ਼ਹਿਰ ਮਿਲਾ ਦਿਤਾ।''

ਤੀਸਰਾ ਪਸ਼ੂ ਨਾਰਾਜ਼ ਹੁੰਦੇ ਹੋਏ ਬੋਲਿਆ।

ਮੈਂ ਆਪਣੇ ਪਾਣੀ ਵਿੱਚ ਜ਼ਹਿਰ ਨਹੀਂ ਮਿਲਾਇਆ। ਮੇਰਾ ਤਾਂ ਕੰਮ ਹੈ ਪਿਆਸਿਆਂ ਦੀ ਪਿਆਸ ਬੁਝਾਉਣਾ। ਮੈਂ ਤਾਂ ਸਾਫ਼-ਨਿਰਮਲ-ਪਵਿੱਤਰ ਪਾਣੀ ਰੱਖਦੀ ਹਾਂ।''

''ਫਿਰ ਤੁਹਾਡੇ ਪਾਣੀ ਵਿੱਚ ਜ਼ਹਿਰ ਕਿਸ ਨੇ ਮਿਲਾਇਆ?''

ਚੌਥੇ ਪਸ਼ੂ ਨੇ ਪੁੱਛਿਆ।

''ਆਦਮੀ ਨੇ।''

''ਆਦਮੀ ਨੇ! ਕਿਉਂ?'' ਸਾਰੇ ਪਸ਼ੂ ਇੱਕਠੇ ਬੋਲੇ।

''ਆਦਮੀ ਨੇ ਮੇਰੇ ਕਿਨਾਰੇ ਕਾਰਖਾਨੇ ਖੜੇ ਕਰ ਦਿੱਤੇ ਹਨ। ਉਹਨਾਂ ਵਿਚੋਂ ਵੇਸਟ ਪਦਾਰਥ ਮੇਰੇ ਵਿੱਚ ਛੱਡਿਆ ਜਾ ਰਿਹਾ ਹੈ, ਜਿਸ ਨਾਲ ਮੇਰਾ ਪਾਣੀ ਜ਼ਹਿਰੀਲਾ ਹੋ ਗਿਆ ਹੈ। ਪੀਣ ਯੋਗ ਨਹੀਂ ਰਿਹਾ ਹੈ, ''ਤੁਸੀ ਅਗਰ ਮੇਰੇ ਪਾਣੀ ਨੂੰ ਪੀਉਗੇ ਤਾਂ ਮਰ ਜਾਉਗੇ।''

ਨਦੀ ਦੀ ਗੱਲ ਸੁਣ ਕੇ ਪਸ਼ੂ ਸੋਚਣ ਲਗੇ। ਆਦਮੀ ਹਵਾ ਪਾਣੀ ਨੂੰ ਦੂਸ਼ਿਤ ਕਰਕੇ ਦੂਸਰੇ ਜੀਵਾਂ ਦਾ ਹੀ ਨਹੀਂ, ਆਪਣੀ ਹੋਂਦ ਨੂੰ ਵੀ ਖਤਰੇ ਵਿੱਚ ਪਾ ਰਿਹਾ ਹੈ। ■



# ਕਦੇ ਨਾ ਭੁੱਲੋ

* ਮਾਨਵ ਦੀ ਸੇਵਾ ਕਰਨਾ, ਮਾਨਵ ਦਾ ਸਭ ਤੋਂ ਪਹਿਲਾ ਫਰਜ਼ ਹੈ।
* ਦੋਸਤੀ ਖੁਸ਼ੀ ਨੂੰ ਦੋਗੁਣਾ ਕਰਦੀ ਹੈ ਅਤੇ ਦੁੱਖ ਨੂੰ ਵੰਡਦੀ ਹੈ।

- ਵਿਨੋਭਾ ਭਾਵੇ

* ਸਭ ਤੋਂ ਚੰਗਾ ਕੰਮ ਉਹ ਹੈ ਜਿਸ ਨਾਲ ਲੋਕਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਆਨੰਦ ਮਿਲੇ।

- ਫ੍ਰਾਂਸਿਸ ਹੈਰੀਸਨ

* ਜੇਕਰ ਤੁਸੀਂ ਦੂਸਰਿਆਂ ਨੂੰ ਸੁਧਾਰਨਾ ਚਾਹੁੰਦੇ ਹੋ ਤਾਂ ਪਹਿਲਾਂ ਆਪਣੇ ਆਪ ਨੂੰ ਸੁਧਾਰੋ।

- ਰਾਮਾਚਾਰਯ

* ਅਕਲਮੰਦ ਵਿਅਕਤੀ ਬੋਲਣ ਤੋਂ ਪਹਿਲਾਂ ਸੋਚਦਾ ਹੈ। ਬੇਵਕੂਫ ਬੋਲ ਲੈਂਦਾ ਹੈ ਅਤੇ ਬਾਦ ਵਿੱਚ ਸੋਚਦਾ ਹੈ ਕਿ ਉਹ ਕੀ ਬੋਲ ਗਿਆ।

- ਰਸਕਿਨ

* ਜੋ ਕੋਸ਼ਿਸ਼ ਕਰਦਾ ਹੈ ਉਸ ਤੋਂ ਭੁੱਲ ਵੀ ਹੁੰਦੀ ਹੈ।

- ਗੇਟੇ

* ਕਿਸੇ ਨੂੰ ਵੀ ਆਪਣੀ ਗਲਤੀ ਮੰਨਣ ਵਿੱਚ ਸ਼ਰਮ ਨਹੀਂ ਕਰਨੀ ਚਾਹੀਦੀ।

- ਪੋਪ

* ਜੇਕਰ ਆਪ ਕੁਝ ਪਾਉਣਾ ਚਾਹੁੰਦੇ ਹੋ ਤਾਂ ਆਪ ਨੂੰ ਕੁਝ ਦੇਣਾ ਪਏਗਾ।

- ਸੁਭਾਸ਼ ਚੰਦਰ ਬੋਸ

* ਰਣਨੀਤੀ ਕਿੰਨੀ ਵੀ ਖੂਬਸੂਰਤ ਕਿਉਂ ਨਾ ਹੋਵੇ, ਤੁਹਾਨੂੰ ਕਦੇ-ਕਦੇ ਨਤੀਜਿਆਂ ਦੇ ਬਾਰੇ ਵਿੱਚ ਵੀ ਸੋਚ ਲੈਣਾ ਚਾਹੀਦਾ ਹੈ।

- ਚਰਚਿਲ

* ਸੱਪ ਦੇ ਦੰਦ ਵਿੱਚ, ਮੱਖੀ ਦੇ ਸਿਰ ਵਿੱਚ ਅਤੇ ਬਿੱਛੂ ਦੀ ਪੂਛ ਵਿੱਚ ਜ਼ਹਿਰ ਰਹਿੰਦਾ ਹੈ ਪ੍ਰੰਤੂ ਦੁਰਜਨ ਮਨੁੱਖ ਦੇ ਪੂਰੇ ਸਰੀਰ ਵਿੱਚ ਜ਼ਹਿਰ ਰਹਿੰਦਾ ਹੈ।
* ਬੁੱਧੀਮਾਨ ਆਦਮੀ ਬੋਲਣ ਤੋਂ ਪਹਿਲਾ ਸੋਚਦਾ ਹੈ ਪ੍ਰੰਤੂ ਮੂਰਖ ਬੋਲਣ ਦੇ ਬਾਅਦ।

- ਪ੍ਰੇਮਚੰਦ

* ਮਨੁੱਖ ਜਿਹੋ ਜਿਹੀ ਸੰਗਤ ਵਿੱਚ ਰਹੇਗਾ, ਉਹ ਉਹੋ ਜਿਹਾ ਹੀ ਬਣ ਜਾਏਗਾ।
* ਯਾਦ ਰੱਖੋ ਕਿ ਬੀਤਿਆ ਹੋਇਆ ਸਮਾਂ ਵਾਪਿਸ ਨਹੀਂ ਆਉਂਦਾ।
* ਵਿਦਿਆ ਮਨੁੱਖ ਦਾ ਤੀਸਰਾ ਨੇਤਰ ਹੁੰਦੀ ਹੈ।

- ਵੇਦਵਿਆਸ

* ਜਦ-ਜਦ ਅਸੀਂ ਡਿਗਦੇ ਹਾਂ ਸਾਨੂੰ ਅਗੇ ਚੱਲਣ ਦਾ ਤਜ਼ੁਰਬਾ ਹੋ ਜਾਂਦਾ ਹੈ।
* ਲੋਭੀ ਮਨੁੱਖ ਦੀ ਕਾਮਨਾ ਕਦੇ ਪੂਰਣ ਨਹੀਂ ਹੁੰਦੀ।
* ਕ੍ਰੋਧ ਦੀ ਅਵਸਥਾ ਵਿੱਚ ਦਸ ਵਾਰ ਸੋਚ ਕੇ ਬੋਲੋ।

- ਸੁਕਰਾਤ

❑ ਸੰਗ੍ਰਹਿਕਰਤਾ : ਵਿਭਾ ਵਰਮਾ

❑ ਮਨਦੀਪ ਕੌਰ ਸੰਧੂ

# ਪੜ੍ਹ-ਲਿਖ ਕੇ ਮੈਂ...

ਜਸਕੀਰਤ ਹੈ ਮੇਰਾ ਨਾਮ,
ਮੰਮੀ ਦੀ ਮੈਂ ਜਿੰਦ ਤੇ ਜਾਨ।

ਛੋਟਾ ਹਾਂ ਪਰ ਪਿਆਰਾ ਹਾਂ,
ਸਭ ਦੀ ਅੱਖ ਦਾ ਤਾਰਾ ਹਾਂ।

ਪਾਪਾ ਮੈਨੂੰ ਕਹਿਣ ਪਿਆਰਾ,
ਦਾਦੀ ਦਾ ਮੈਂ ਰਾਜ ਦੁਲਾਰਾ।

ਚਾਚੂ ਮੇਰਾ ਰੱਖੇ ਖਿਆਲ,
ਦਾਦੂ ਆਖੇ ਆ ਮੇਰੇ ਲਾਲ।

ਭੂਆ ਮੈਨੂੰ ਚੁੱਕਦੀ ਹੈ,
ਸੌ-ਸੌ ਸੁੱਖਣਾ ਸੁਖਦੀ ਹੈ।

ਮੈਂ ਹਾਂ ਸਭ ਦਾ ਮਾਣ ਤੇ ਤਾਣ,
ਪੜ੍ਹ-ਲਿਖ ਕੇ ਮੈਂ ਬਣਾਂ ਮਹਾਨ।



❑ ਗੋਵਿੰਦ ਭਾਰਦਵਾਜ


# ਸੁੰਦਰਤਾ ਦਾ ਘੁਮੰਡ

ਕਾਨਵਨ ਵਿੱਚ ਇਕ ਟੀਟੂ ਨਾਂ ਦਾ ਤੋਤਾ ਰਹਿੰਦਾ ਸੀ। ਉਹ ਬਹੁਤ ਸੁੰਦਰ ਸੀ। ਟੀਟੂ ਆਪਣੀ ਸੁੰਦਰਤਾ ਦੇ ਕਾਰਣ ਬਾਕੀ ਪੰਛੀਆਂ ਤੋਂ ਦੂਰ ਰਹਿੰਦਾ ਸੀ।

ਇਕ ਦਿਨ ਟੀਟੂ ਆਸਮਾਨ ਵਿੱਚ ਉਡੱ ਰਿਹਾ ਸੀ। ਉਹਨੂੰ ਉਡੱਦਾ ਵੇਖ ਨੀਲੂ ਕਬੂਤਰ ਨੇ ਪੁੱਛਿਆ – ਕਿਉਂ ਟੀਟੂ, ਨਜ਼ਰ ਬਚਾ ਕੇ ਕਿਥੇ ਉਡਦੇ ਜਾ ਰਹੇ ਹੋ?

– ਮੈਂ ਤੇਰੇ ਵਰਗੇ ਭੱਦੇ ਕਬੂਤਰਾਂ ਦੇ ਮੂੰਹ ਨਹੀਂ ਲੱਗਦਾ। – ਟੀਟੂ ਨੇ ਤਪਾਕ ਨਾਲ ਕਿਹਾ।

ਨੀਲੂ ਕਬੂਤਰ ਅਪਮਾਨਿਤ ਹੋ ਕੇ ਰਹਿ ਗਿਆ। ਅਗਲੇ ਦਿਨ ਟੀਟੂ ਅਮਰੂਦਾਂ ਦੇ ਬਾਗ ਵਿੱਚ ਮਿੱਠੇ-ਮਿੱਠੇ ਅਮਰੂਦ ਖਾਣ ਵਿੱਚ ਲਗਾ ਸੀ। ਤਦ ਕੋਇਲ ਆ



ਗਈ। ਕੋਇਲ ਨੂੰ ਵੇਖ ਕੇ ਵੀ ਟੀਟੂ ਆਪਣਾ ਪੇਟ ਭਰਨ ਵਿੱਚ ਲੱਗਾ ਰਿਹਾ। ਕੋਇਲ ਨੇ ਪੁੱਛਿਆ -ਟੀਟੂ, ਬਹੁਤ ਵੱਡੇ ਹੋ ਗਏ ਹੋ ਕੀ? 'ਨਮਸਤੇ', 'ਹੈਲੋ-ਹਾਏ' ਵੀ ਨਹੀਂ ਕਰਦੇ? ਕਿਉਂ ਭਾਈ ਅਜਿਹੀ ਕੀ ਨਰਾਜਗੀ?

ਟੀਟੂ ਬੋਲਿਆ – ਮੈਂ ਤੇਰੀ ਵਰਗੀਂ ਕਾਲੀ-ਕਲੂਟੀ ਨਾਲ ਗੱਲਬਾਤ ਨਹੀਂ ਕਰਦਾ।

ਕੋਇਲ ਨੂੰ ਟੀਟੂ ਦਾ ਉੱਤਰ ਸੁਣ ਕੇ ਬੜਾ ਗੁੱਸਾ ਆਇਆ ਪ੍ਰੰਤੂ ਉਹ ਉਸ ਦੇ ਮੂੰਹ ਲੱਗਣਾ ਨਹੀਂ ਚਾਹੁੰਦੀ ਸੀ, ਇਸ ਲਈ ਕੁਝ ਨਹੀਂ ਬੋਲੀ।

ਉਸੇ ਸ਼ਾਮ ਨੂੰ ਕੋਇਲ ਅਤੇ ਨੀਲੂ ਕਬੂਤਰ ਨੇ ਜਦ ਕਾਲੂ ਕਾਂ ਨੂੰ ਟੀਟੂ ਦੀਆਂ ਹਰਕਤਾਂ ਬਾਰੇ ਦੱਸਿਆ ਤਾਂ ਉਹਨੂੰ ਯਕੀਨ ਨਹੀਂ ਹੋਇਆ। ਉਹ ਉਹਨੂੰ ਮਿਲਣ ਟੀਟੂ ਦੇ ਘਰ ਪਹੁੰਚ ਗਿਆ। 'ਟੀਟੂ! ਘਰੇ ਹੀ ਹੋ ਕੀ?' ਕਾਲੂ ਨੇ ਅਵਾਜ਼ ਲਗਾਈ।

ਤੋਤੇ ਦੀ ਪਤਨੀ ਬਾਹਰ ਆ ਕੇ ਬੋਲੀ- ਉਹ ਸੈਰ ਕਰਨ ਲਈ ਅੰਬਾਂ ਦੇ ਬਾਗ ਵੱਲ ਗਏ ਹਨ।


ਕਾਲੂ ਕਾਂ ਵਾਪਸ ਉਡੱ ਚਲਿਆ। ਥੋੜੀ ਜਿਹੀ ਉਡਾਣ ਦੇ ਬਾਦ ਉਹਨੂੰ ਲੱਗਾ ਕਿ ਟੀਟੂ ਦੀ ਪਤਨੀ ਝੂਠ ਬੋਲ ਰਹੀ ਹੈ। ਉਹ ਫੁਰ ਕਰਕੇ ਟੀਟੂ ਦੇ ਘਰ ਆ ਗਿਆ। ਸਚਮੁਚ ਟੀਟੂ ਘਰ ਵਿੱਚ ਹੀ ਆਰਾਮ ਕਰ ਰਿਹਾ ਸੀ। ਕਾਂ ਨੂੰ ਇਹ ਦ੍ਰਿਸ਼ ਵੇਖ ਕੇ ਕ੍ਰੋਧ ਆ ਗਿਆ। ਉਸ ਨੇ ਟੀਟੂ ਨੂੰ ਕਿਹਾ- ਘਰ ਵਿੱਚ ਹੋ ਕੇ ਵੀ ਆਪਣੇ ਆਪ ਨੂੰ ਘਰ ਵਿੱਚ ਨਾ ਹੋਣ ਦੀ ਝੂਠੀ ਗੱਲ ਕਹਿੰਦਾ ਹੈ। ਤੈਨੂੰ ਸ਼ਰਮ ਨਹੀਂ ਆਉਂਦੀ?

– ਤੈਨੂੰ ਮੇਰੇ ਨਾਲ ਕੀ ਕੰਮ ਹੈ? – ਟੀਟੂ ਨੇ ਪੁੱਛਿਆ।

– ਮੈਂ ਸੁਣਿਆ ਹੈ ਕਿ ਤੂੰ ਆਪਣੇ ਆਪ ਨੂੰ ਬੜਾ ਸੁੰਦਰ ਪੰਛੀ ਸਮਝਦਾ ਹੈ ਅਤੇ ਦੂਸਰਿਆਂ ਨੂੰ ਕਰੂਪ। ਇਸ ਲਈ ਕਿਸੇ ਨਾਲ ਗੱਲਬਾਤ ਵੀ ਨਹੀਂ ਕਰਦਾ। – ਕਾਲੂ ਨੇ ਉਹਨੂੰ ਝਿੜਕਦੇ ਹੋਏ ਕਿਹਾ।

– ਮੈਂ ਆਪਣੇ ਆਪ ਨੂੰ ਸੁੰਦਰ ਪੰਛੀ ਸਮਝਦਾ ਹੀ ਨਹੀਂ ਹਾਂ ਬਲਕਿ ਅਸਲ ਵਿੱਚ ਮੈਂ ਤੁਹਾਡੇ ਸਾਰਿਆਂ ਤੋਂ ਸੁੰਦਰ ਹਾਂ। ਤੇਰੇ ਵਾਂਗ ਮੇਰੀ ਚੁੰਝ ਕਾਲੀ ਨਹੀਂ ਹੈ ਅਤੇ ਨਾ ਤੇਰੇ ਵਰਗਾ ਮੇਰਾ ਕਾਲਾ ਸਰੀਰ ਹੈ। ਵੇਖ ਮੇਰੀ ਲਾਲ ਚੁੰਝ। ਗਲੇ ਵਿੱਚ ਧਾਰੀਦਾਰ ਮਾਲਾ ਅਤੇ ਹਰੇ-ਹਰੇ ਸੁੰਦਰ ਖੰਭ। – ਟੀਟੂ ਨੇ ਆਪਣੀ ਸੁੰਦਰਤਾ ਦੀ ਤਾਰੀਫ ਕਰਦੇ ਹੋਏ ਕਿਹਾ।

ਕਾਲੂ ਸਮਝ ਗਿਆ ਕਿ ਸਚਮੁਚ ਟੀਟੂ ਨੂੰ ਆਪਣੀ ਸੁੰਦਰਤਾ ਤੇ ਬਹੁਤ ਘੁਮੰਡ ਹੋ ਗਿਆ ਹੈ। ਉਹ ਚੁਪਚਾਪ ਉਥੋਂ ਆਪਣੇ ਘਰ ਆ ਗਿਆ। ਅਗਲੇ ਦਿਨ ਕਾਲੂ ਨੇ ਸਾਰੇ ਪੰਛੀਆਂ ਦੀ ਬੈਠਕ ਬੁਲਾਈ। ਬੈਠਕ ਵਿੱਚ ਚੀਲ,



ਗਿੱਧ, ਚਿੜੀ, ਕੋਇਲ, ਕਬੂਤਰ, ਉਲੂੱ ਅਤੇ ਮੋਰ ਮੌਜੂਦ ਸਨ। ਕੋਇਲ ਨੇ ਟੀਟੂ ਤੋਤੇ ਨੂੰ ਕਾਕਨਵਨ ਵਿੱਚ ਰੰਗ ਅਤੇ ਨਸਲਭੇਦ ਫੈਲਾ ਕੇ ਏਕਤਾ ਨੂੰ ਤੋੜਨ ਵਾਲਾ ਪੰਛੀ ਦੱਸਦੇ ਹੋਏ ਕਿਹਾ- ਟੀਟੂ ਨੂੰ ਆਪਣੀ ਬਿਰਾਦਰੀ ਵਿਚੋਂ ਬਾਹਰ ਕੱਢ ਦੇਣਾ ਚਾਹੀਦਾ ਹੈ।

ਨੀਲੂ ਕਬੂਤਰ ਨੇ ਕਿਹਾ – ਟੀਟੂ ਕਾਕਨਵਨ ਵਿੱਚ ਨਸਲਵਾਦ ਅਤੇ ਰੰਗਭੇਦ ਨੀਤੀ ਨੂੰ ਵਧਾ ਰਿਹਾ ਹੈ। ਉਸ ਦੇ ਖਿਲਾਫ ਕਠੋਰ ਕਦਮ ਚੁੱਕਣ ਦੀ ਲੋੜ ਹੈ।

ਅੰਤ ਵਿੱਚ ਕਾਲੂ ਕਾਂ ਨੇ ਇਕ ਪ੍ਰਸਤਾਵ ਪੜ ਕੇ ਸਾਰਿਆਂ ਨੂੰ ਸੁਣਾਇਆ- ਜਿਸ ਵਿੱਚ ਲਿਖਿਆ ਸੀ ਕਿ 'ਟੀਟੂ ਸਾਡੀ ਏਕਤਾ ਅਤੇ ਅਖੰਡਤਾ ਲਈ ਘਾਤਕ ਹੈ। ਉਹ ਰੰਗਭੇਦ ਅਤੇ ਅਲਗਾਵਵਾਦ ਦੀ ਵਿਚਾਰਧਾਰਾ ਤੇ ਚਲ ਰਿਹਾ ਹੈ। ਇਸ ਲਈ ਉਹਨੂੰ ਕਾਨਨਵਨ ਦੀ ਬਿਰਾਦਰੀ ਵਿਚੋਂ ਕੱਢ ਦਿੱਤਾ ਜਾਂਦਾ ਹੈ।' ਟੀਟੂ ਨੂੰ ਜਦ ਇਹ ਪਤਾ ਲੱਗਾ ਤਾਂ ਉਹ ਹੋਰ ਜ਼ਿਆਦਾ ਖੁਸ਼ ਹੋਇਆ।

ਇਕ ਦਿਨ ਕਾਕਨਵਨ ਵਿੱਚ ਕੁਝ ਸ਼ਿਕਾਰੀ ਜਾਲ ਲੈ ਕੇ ਆ ਵੜੇ। ਉਹਨਾਂ ਦਾ ਮੰਤਵ ਰੰਗ-ਬਿਰੰਗੇ ਪੰਛੀਆਂ ਨੂੰ ਫੜ ਕੇ ਵੇਚਣਾ ਸੀ। ਇਕ ਸ਼ਿਕਾਰੀ ਦੀ ਨਜ਼ਰ ਟੀਟੂ ਤੇ ਪਈ। ਉਹ ਉਸ ਦੀ ਸੁੰਦਰਤਾ ਤੋਂ ਬੜਾ ਪ੍ਰਭਾਵਿਤ ਹੋਇਆ। ਉਸ ਸ਼ਿਕਾਰੀ ਨੇ ਤੁਰੰਤ ਟੀਟੂ ਨੂੰ ਫੜਨ ਦੀ ਯੋਜਨਾ ਬਣਾਈ। ਟੀਟੂ ਸ਼ਿਕਾਰੀ ਦੀ ਇੱਛਾ ਸਮਝ ਗਿਆ ਅਤੇ ਫੁਰਰ ਨਾਲ ਉਡੱ ਗਿਆ। ਸ਼ਿਕਾਰੀ ਵੀ ਉਸ ਦੇ ਪਿੱਛੇ-ਪਿੱਛੇ ਦੌੜਦਾ ਰਿਹਾ।

ਅਚਾਨਕ ਚਾਰੇ ਪਾਸੇ ਜਾਲ ਵਿਛਾ ਦਿੱਤਾ ਗਿਆ। ਟੀਟੂ ਉਡਦਾ-ਉਡਦਾ ਥੱਕ ਚੁੱਕਾ ਸੀ। ਟੀਟੂ ਜਾਲ ਵਿੱਚ ਫਸਣ ਵਾਲਾ ਹੀ ਸੀ ਕਿ ਉਹਨੂੰ ਕਾਲੂ ਕਾਂ ਦਾ ਘਰ ਦਿਖਾਈ ਦਿੱਤਾ। ਉਹ ਝਟ ਉਸ ਵਿੱਚ ਲੁਕ ਗਿਆ। ਕਾਲੂ ਨੇ ਜਦ ਟੀਟੂ ਨੂੰ ਵੇਖਿਆ ਤਾਂ ਉਹ ਬਹੁਤ ਗੁੱਸੇ ਨਾਲ ਬੋਲਿਆ- ਸੁੰਦਰ ਪੰਛੀ ਕਾਲੂ-ਕਲੂਟੇ ਦੇ ਘਰ ਕਿਉਂ ਆਇਆ। ਚਲ ਨਿਕਲ...।

– ਜਰਾ ਮੇਰੀ ਗੱਲ ਤਾਂ ਸੁਣੋ ਕਾਂ ਦਾਦਾ। – ਹੱਫਦੇ ਹੋਏ ਟੀਟੂ ਨੇ ਕਿਹਾ।


– ਮੈਂ ਕੁਝ ਨਹੀਂ ਸੁਣਨਾ ਚਾਹੁੰਦਾ। -ਕਾਲੂ ਨੇ ਕਿਹਾ। ਟੀਟੂ ਨੇ ਪੈਰ ਫੜ ਲਏ ਅਤੇ ਬੋਲਿਆ – ਮੇਰੇ ਪਿੱਛੇ ਇਕ ਸ਼ਿਕਾਰੀ ਬੁਰੀ ਤਰ੍ਹਾਂ ਨਾਲ ਪਿਆ ਹੈ। ਮੈਂ ਇਥੋਂ ਉਡਿਆ ਤਾਂ ਉਹ ਮੈਨੂੰ ਜਾਲ ਵਿੱਚ ਫਸਾ ਲਏਗਾ ਅਤੇ ਪਿੰਜਰੇ ਵਿੱਚ ਬੰਦ ਕਰਕੇ ਸ਼ਹਿਰ ਵਿੱਚ ਵੇਚ ਦਏਗਾ। ਮੈਨੂੰ ਕੀ ਪਤਾ ਸੀ ਕਿ ਮੇਰੀ ਸੁੰਦਰਤਾ ਹੀ ਮੇਰੀ ਦੁਸ਼ਮਣ ਬਣ ਜਾਏਗੀ। ਆਪ ਬੜੇ ਦਿਆਲੂ ਹੋ ਦਾਦਾ, ਮੇਰੇ ਤੇ ਰਹਿਮ ਕਰੋ। ਮੈਂ ਆਪਣੇ ਦੁਆਰਾ ਕੀਤੇ ਵਿਵਹਾਰ ਤੋਂ ਅੱਜ ਸ਼ਰਮਿੰਦਾ ਹਾਂ। -ਟੀਟੂ ਬੋਲਦੇ-ਬੋਲਦੇ ਰੋਣ ਲੱਗਾ।

ਕਾਲੂ ਕਾਂ ਨੂੰ ਦਯਾ ਆ ਗਈ। ਉਹ ਬੋਲਿਆ- ਠੀਕ ਹੈ ਤੂੰ ਇਥੇ ਠਹਿਰ ਮੈਂ ਬਾਹਰ ਜਾ ਕੇ ਵੇਖਦਾ ਹਾਂ। -ਟੀਟੂ ਨੇ ਰਾਹਤ ਦੀ ਸਾਹ ਲਈ। ਕਾਲੂ ਕਾਂ ਆਪਣੇ ਪਰਿਵਾਰ ਦੇ ਨਾਲ ਬਾਹਰ ਨਿਕਲਿਆ ਤਾਂ ਸ਼ਿਕਾਰੀ ਕਾਂ ਨੂੰ ਵੇਖ ਕੇ ਉਥੋਂ ਵਾਪਸ ਚਲਾ ਗਿਆ। ਕਾਂ ਨੇ ਆਪਣੇ ਸਾਰੇ ਸਾਥੀ ਪਰਿੰਦਿਆਂ ਨੂੰ ਤੁਰੰਤ ਆਪਣੇ ਘਰ ਬੁਲਵਾ ਲਿਆ। ਥੋੜੀ ਹੀ ਦੇਰ ਵਿੱਚ ਸਭ ਜਮਾ ਹੋ ਗਏ। ਕਾਂ ਨੇ ਟੀਟੂ ਦੀ ਸਾਰੀ ਕਹਾਣੀ ਉਹਨਾਂ ਨੂੰ ਦੱਸ ਦਿੱਤੀ। ਸਾਰੇ ਪੰਛੀਆਂ ਨੇ ਟੀਟੂ ਤੇ ਤਰਸ ਖਾਂਦੇ ਹੋਏ ਉਹਨੂੰ ਮਾਫ਼ ਕਰ ਦਿੱਤਾ।

ਟੀਟੂ ਨੇ ਵੀ ਸਾਰਿਆਂ ਤੋਂ ਸਿਰ ਝੁਕਾ ਕੇ ਮਾਫੀ ਮੰਗੀ। ਐਨਾ ਹੀ ਨਹੀਂ ਉਸ ਨੇ ਕਾਕਨਵਨ ਦੇ ਨਿਯਮਾਂ ਤੇ ਚੱਲਣਾ ਸਵੀਕਾਰ ਕਰ ਲਿਆ ਅਤੇ ਸਾਰਿਆਂ ਨਾਲ ਘੁਲ-ਮਿਲ ਕੇ ਰਹਿਣ ਦੀ ਸਹੁੰ ਖਾਧੀ। ਉਸ ਦੇ ਸਿਰ ਤੋਂ ਸੁੰਦਰਤਾ ਦਾ ਭੂਤ ਹੁਣ ਉਤਰ ਚੁੱਕਾ ਸੀ।

# ਦਾਦਾ ਜੀ

ਚਿੱਤਰਕਾਰ ਅਤੇ ਲੇਖਕ ਅਜੈ ਕਾਲੜਾ








ਲਕਸ਼ਮੀ ਆਂਟੀ ਮੈਨੂੰ ਇਕ ਕਿਲੋ ਘਿਉ ਦੇਣਾ।
ਸ਼ਾਲੂ ਬੇਟਾ, ਘਿਉ ਖਤਮ ਹੋ ਗਿਆ। ਤੂੰ ਕੱਲ ਆਉਣਾ।
ਅੱਜ ਦਾ ਦਿਨ ਤਾਂ ਬਹੁਤ ਚੰਗਾ ਰਿਹਾ। ਸਾਰਾ ਘਿਉ ਵਿਕ ਗਿਆ ਲੇਕਿਨ ਮੇਰਾ ਇਕ ਗਾਹਕ ਖਾਲੀ ਹੱਥ ਹੀ ਚਲਾ ਗਿਆ।
ਲਕਸ਼ਮੀ ਭੈਣ, ਮੈਨੂੰ ਪੰਜ ਕਿਲੋ ਘਿਉ ਦੇਣਾ।
ਜੀ ਭਾਈ ਸਾਹਿਬ।
ਹਲਵਾਈ
ਲਕਸ਼ਮੀ ਮੈਨੂੰ ਵੀ ਪੰਜ ਕਿਲੋ ਘਿਉ ਦੇਣਾ।
ਇਹ ਲਉ ਸੁੰਦਰ ਭਾਈ ਪੰਜ ਕਿਲੋ ਘਿਉ।



ਕਿਉਂਕਿ ਲਕਸ਼ਮੀ ਤੁਹਾਡਾ ਘਿਉ ਹੀ ਖਤਮ ਹੋ ਜਾਂਦਾ ਹੈ, ਸਾਨੂੰ ਤਾਂ ਮਿਲਦਾ ਹੀ ਨਹੀ।
ਲਕਸ਼ਮੀ ਨੇ ਇੰਝ ਹੀ ਘੁੰਮ-ਘੁੰਮ ਕੇ ਸਾਰਾ ਘਿਉ ਵੇਚ ਦਿੱਤਾ। ਲੇਕਿਨ ਉਸ ਦੇ ਕੁਝ ਗਾਹਕ ਅੱਜ ਵੀ ਬਿਨਾ ਘਿਉ ਦੇ ਰਹਿ ਗਏ।
ਮੇਰੀ ਕਮਾਈ ਤਾਂ ਚੰਗੀ ਹੋ ਰਹੀ ਹੈ ਲੇਕਿਨ ਰੋਜ਼-ਰੋਜ਼ ਗਾਹਕਾਂ ਨੂੰ ਘਿਉ ਨਾ ਮਿਲਣਾ ਮੇਰੇ ਲਈ ਸਹੀ ਨਹੀਂ ਹੈ, ਮੈਨੂੰ ਕੁਝ ਕਰਨਾ ਚਾਹੀਦਾ ਹੈ।
ਇਹ ਡੱਬਾ ਤਾਂ ਭਰਿਆ ਹੀ ਨਹੀਂ। ਇੰਝ ਤਾਂ ਮੇਰੇ ਗਾਹਕ ਬਿਨਾ ਘਿਉ ਦੇ ਰਹਿ ਜਾਣਗੇ। ਆਈਡੀਆ, ਮੈਂ ਇਸ ਵਿੱਚ ਬਨਸਪਤੀ ਤੇਲ ਮਿਲਾ ਦਿੰਦੀ ਹਾਂ।
ਘਿਉ ਲੈ ਲਉ। ਘਿਉ ਲੈ ਲਉ। ਸ਼ੁਧ ਦੇਸੀ ਘਿਉ।
ਭੈਣ ਮੈਨੂੰ ਤਿੰਨ ਕਿਲੋ ਘਿਉ ਦੇ ਦਿਉ।
ਆਂਟੀ, ਮੈਨੂੰ ਦੋ ਕਿਲੋ ਘਿਉ ਦੇ ਦਿਉ।


ਚਲੋ ਪਤਾ ਕਰਦੇ ਹਾਂ।
ਭੈਣ ਕਮਲਾ, ਲਕਸ਼ਮੀ ਦਾ ਘਿਉ ਕੁਝ ਵੱਖਰਾ-ਜਿਹਾ ਨਹੀਂ ਹੈ। ਕਿਤੇ ਉਸ ਵਿੱਚ ਮਿਲਾਵਟ ਤਾਂ ਨਹੀਂ।
ਵੇਖੋ ਕਮਲਾ ਲਕਸ਼ਮੀ ਤਾਂ ਘਿਉ ਵਿੱਚ ਬਨਸਪਤੀ ਤੇਲ ਮਿਲਾ ਰਹੀ ਹੈ।
ਹਾਂ ਸੁਰੇਖਾ। ਚਲੋ ਅਸੀ ਇਹ ਗੱਲ ਪੂਰੇ ਪਿੰਡ ਨੂੰ ਦੱਸਦੇ ਹਾਂ।
ਲਕਸ਼ਮੀ ਤੂੰ ਘਿਉ ਵਿੱਚ ਤੇਲ ਮਿਲਾ ਕੇ ਸਾਰੇ ਪਿੰਡ ਵਾਲਿਆਂ ਦਾ ਵਿਸ਼ਵਾਸ ਤੋੜਿਆ ਹੈ। ਅਸੀਂ ਤੇਰਾ ਸਮਾਜਿਕ ਬਾਈਕਾਟ ਕਰਦੇ ਹਾਂ।
ਮੈਨੂੰ ਮਾਫ਼ ਕਰ ਦਿਉ ਸਰਪੰਚ ਜੀ ਮੇਰੇ ਤੋਂ ਬਹੁਤ ਵੱਡੀ ਗਲਤੀ ਹੋ ਗਈ।
ਸਿਖਿਆ ਲਾਲਚ ਦਾ ਫਲ ਬੁਰਾ ਹੁੰਦਾ ਹੈ।

# ਬੁੱਧੀ ਦੀ ਪਰਖ

ਦੋਹਾਂ ਚਿਤੱਰਾਂ ਵਿਚੋਂ 10 ਅੰਤਰ ਲੱਭੋ!









Video & Audio Webcasts on www.nirankari.org - Every month

SANT NIRANKARI MISSION

Registered with the Registrar of Newspaper For India Under RNI No. 32345/1977 : Delhi Postal Regd. No. DL (N)/137/2021-2023
Licence No. U (DN)-60/2021-23
Licenced to post without Pre-payment

# ਨਿਰੰਕਾਰੀ ਪੱਤਰ-ਪਤ੍ਰਕਾਵਾਂ 'ਨਿਰੰਕਾਰੀ ਵੈਬਸਾਇਟ' ਤੇ




ਨਿਰੰਕਾਰੀ ਵੈਬਸਾਇਟ ਤੇ ਸਾਰੀਆਂ ਭਾਸ਼ਾਵਾਂ ਦੀ 'ਹੰਸਤੀ ਦੁਨੀਆ' 'ਸੰਤ ਨਿਰੰਕਾਰੀ' ਅਤੇ 'ਏਕ ਨਜ਼ਰ' ਨੂੰ ਪੜਨ ਦੇ ਲਈ ਇਨ੍ਹਾਂ ਨਿਰਦੇਸ਼ਾਂ ਦਾ ਪਾਲਨ ਕਰੋ -

www. nirankari.org ਨੂੰ Open ਕਰੋਗੇ ਤਾਂ Main ਪੇਜ ਤੇ ਆਪਨੂੰ THE MISSION, ACTIVITES, MEDIA and GALLERY ਦਿਖਾਈ ਦੇਵੇਗੀ। ਆਪਨੂੰ MEDIA ਦੇ PUBLICATION Option ਨੂੰ ਕਲਿਕ ਕਰਨਾ ਹੈ। ਇਥੇ ਆਪਨੂੰ ਸੰਪੂਰਨ ਅਵਤਾਰ ਬਾਣੀ, ਸੰਪੂਰਣ ਹਰਦੇਵ ਬਾਣੀ, E-Books, Articles ਅਤੇ Magazines ਦਿਖਾਈ ਦਏਗਾ। Magazines ਨੂੰ ਕਲਿਕ ਕਰਦੇ ਹੀ- ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ ਅਤੇ Universal Target ਦੇ ਪੇਜ ਖੁਲ੍ਹ ਜਾਣਗੇ। ਇਥੇ ਆਪ ਜੋ ਵੀ ਪਤ੍ਰਕਾ ਪੜਨਾ ਚਾਹੁੰਦੇ ਹੋ, ਪੜ ਸਕਦੇ ਹੋ।

## ਪਾਠਕਾਂ ਦੇ ਲਈ ਸੂਚਨਾ




- ਕੀ ਆਪਨੂੰ ਹੰਸਤੀ ਦੁਨੀਆ (ਪੰਜਾਬੀ) ਮਾਸਿਕ, ਪਤ੍ਰਕਾ ਲਗਾਤਾਰ ਮਿਲ ਰਹੀ ਹੈ?
- ਪਤ੍ਰਕਾ ਵਿਭਾਗ ਰਾਹੀਂ ਹਰ ਮਹੀਨੇ 23 ਤਾਰੀਕ ਨੂੰ *Dispatch* (ਡਿਸਪੈਚ) ਕਰ ਦਿੱਤੀ ਜਾਂਦੀ ਹੈ। ਜੇ ਇਕ ਹਫ਼ਤੇ ਤਕ ਵੀ ਆਪਨੂੰ ਇਹ ਨਾ ਮਿਲੇ ਤਾਂ –

1. ਅਪਣੇ ਨਜ਼ਦੀਕੀ ਡਾਕਖਾਨੇ ਨਾਲ ਸੰਪਰਕ ਕਰੋ।
2. ਪਤ੍ਰਕਾ ਵਿਭਾਗ ਨੂੰ ਫੋਨ ਨੰਬਰ 9266629841 ਤੇ ਸੂਚਿਤ ਕਰੋ, ਆਪ ਇਸ ਨੰ. ਤੇ whatsaap ਵੀ ਕਰ ਸਕਦੇ ਹੋ ਤਾਂਕਿ ਆਪਨੂੰ ਉਸਦੀ ਦੂਜੀ ਕਾਪੀ ਭਿਜਵਾਈ ਜਾ ਸਕੇ।

*– ਪ੍ਰਬੰਧ ਸੰਪਾਦਕ,*
*ਪਤ੍ਰਕਾ ਵਿਭਾਗ, ਸੰਤ ਨਿਰੰਕਾਰੀ ਮੰਡਲ,*
*ਨਿਰੰਕਾਰੀ ਕੰਪੈਲਕਸ, ਬੁਰਾੜੀ ਰੋਡ, ਦਿੱਲੀ-110009*

Posted at LPC Delhi RMS, Delhi-110006. Prescribed dates 23rd & 24th. Date of Publication: 17th & 18th (Advance Month)